

NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
2GB
$35/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 2GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਸਟਰੀਟਕਾਰ ਤੇ ਗੱਡੀ ਵਿੱਚ ਹੋਈ ਟੱਕਰ

ਟੋਰਾਂਟੋ, 10 ਅਗਸਤ (ਪੋਸਟ ਬਿਊਰੋ) : ਮੰਗਲਵਾਰ ਨੂੰ ਕਿੰਗ ਤੇ ਸ਼ੇਰਬੌਰਨ ਸਟਰੀਟਸ ਨੇੜੇ ਸਟਰੀਟਕਾਰ ਤੇ ਇੱਕ ਹੋਰ ਗੱਡੀ ਦੀ ਟੱਕਰ ਹੋ ਗਈ।

ਸ਼ਾਮੀਂ 5:00 ਵਜੇ ਵਾਪਰੇ ਇਸ ਹਾਦਸੇ ਦੀ ਜਾਣਕਾਰੀ ਮਿਲਦਿਆਂ ਸਾਰ ਪੁਲਿਸ ਮੌਕੇ ਉੱਤੇ ਪਹੁੰਚੀ। ਇਸ ਹਾਦਸੇ ਕਾਰਨ ਗੱਡੀ ਦੇ ਦਰਵਾਜ਼ੇ ਬੁਰੀ ਤਰ੍ਹਾਂ ਟੁੱਟ ਭੱਜ ਗਏ। ਪਰ ਕਾਰ ਦੇ ਏਅਰਬੈਗਜ਼ ਖੁੱਲ੍ਹ ਜਾਣ ਕਾਰਨ ਕਿਸੇ ਨੂੰ ਸੱਟ ਫੇਟ ਵੱਜਣ ਤੋਂ ਬਚਾਅ ਹੋ ਗਿਆ।

ਇਸ ਹਾਦਸੇ ਕਾਰਨ ਸਟਰੀਟਕਾਰ ਸਰਵਿਸ ਵਿੱਚ ਅੰਦਾਜ਼ਨ ਇੱਕ ਘੰਟੇ ਤੱਕ ਵਿਘਨ ਪਿਆ ਰਿਹਾ ਪਰ ਬਾਅਦ ਵਿੱਚ ਇਹ ਸਰਵਿਸ ਸ਼ੁਰੂ ਹੋ ਗਈ।

# ਚਾਈਲਡ ਕੇਅਰ ਸੈਂਟਰਜ਼ ਵਿੱਚ ਕੋਵਿਡ-19 ਆਊਟਬ੍ਰੇਕਸ ਕਾਰਨ ਮਾਪਿਆਂ ਦੀ ਚਿੰਤਾ ਵਧੀ

...ਪੰਨਾ 1 ਦਾ ਬਾਕੀ

ਮਾਪਿਆਂ ਦਾ ਕਹਿਣਾ ਹੈ ਕਿ ਗ੍ਰੈਂਡ ਐਵਨਿਊ ਮੌਂਟੈਸਰੀ ਵੱਲੋਂ ਕੋਵਿਡ-19 ਤੋਂ ਬਚਾਅ ਲਈ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਗਏ ਸਨ। ਲੋਕਾਂ ਦਾ ਕਹਿਣਾ ਹੈ ਕਿ ਅਜਿਹੇ ਮਾਮਲਿਆਂ ਨੂੰ ਵੇਖ ਕੇ ਲੱਗਦਾ ਹੈ ਕਿ ਓਨਟਾਰੀਓ ਭਰ ਵਿੱਚ ਵਿਦਿਆਰਥੀਆਂ ਦੀ ਹਿਫਾਜ਼ਤ ਲਈ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਜੋ ਇੰਤਜ਼ਾਮ ਕੀਤੇ ਗਏ ਹਨ ਉਨ੍ਹਾਂ ਤੋਂ ਤੁਹਾਨੂੰ ਅਹਿਸਾਸ ਹੁੰਦਾ ਹੈ ਕਿ ਉਹ ਕਿੰਨੇ ਮਾਮੂਲੀ ਹਨ ਤੇ ਜਨਤਾ ਨੂੰ ਕਿੰਨਾ ਖਤਰਾ ਹੈ।


ਪ੍ਰੋਵਿੰਸ਼ੀਅਲ ਡਾਟਾ ਅਨੁਸਾਰ ਲਾਇਸੰਸਸ਼ੁਦਾ ਚਾਈਲਡ ਕੇਅਰ ਸੈਂਟਰਜ਼ ਵਿੱਚ ਨਵੇਂ ਮਾਮਲੇ ਹੁਣ 11 ਹਨ। ਅਪਰੈਲ ਵਿੱਚ 121 ਦੇ ਮੁਕਾ-ਬਲੇ ਇਹ ਬਹੁਤ ਘੱਟ ਹਨ ਪਰ ਜੁਲਾਈ ਵਿੱਚ ਚਾਰ ਮਾਮਲਿਆਂ ਦੇ ਮੁਕਾਬਲੇ ਇਹ ਕਾਫੀ ਜ਼ਿਆਦਾ ਹਨ। ਇਨ੍ਹਾਂ ਸੈਂਟਰਜ਼ ਉੱਤੇ ਅਜਿਹੇ ਬੱਚੇ ਆਉਂਦੇ ਹਨ ਜਿਨ੍ਹਾਂ ਦੀ ਉਮਰ 12 ਸਾਲ ਤੋਂ ਕਾਫੀ ਘੱਟ ਹੁੰਦੀ ਹੈ ਤੇ ਇਨ੍ਹਾਂ ਬੱਚਿਆਂ ਦੀ ਵੈਕਸੀਨੇਸ਼ਨ ਨਹੀਂ ਹੋ ਸਕਦੀ ਤੇ ਇਨ੍ਹਾਂ ਦੀ ਕਿਸੇ ਹੋਰ ਤਰ੍ਹਾਂ ਹਿਫਾਜ਼ਤ ਕੀਤੇ ਜਾਣ ਦੀ ਲੋੜ ਹੈ।

ਇਹ ਵੀ ਮੰਨਿਆ ਜਾ ਰਿਹਾ ਹੈ ਕਿ ਸਰਕਾਰ ਵੱਲੋਂ ਪਾਬੰਦੀਆਂ ਵਿੱਚ ਢਿੱਲ ਦਿੱਤੇ ਜਾਣ ਕਾਰਨ ਹੀ ਇਨ੍ਹਾਂ ਮਾਮਲਿਆਂ ਵਿੱਚ ਵਾਧਾ ਹੋ ਰਿਹਾ ਹੈ। ਮਿਲਟਨ ਵਿੱਚ ਇੱਕ ਹੋਰ ਚਾਈਲਡਕੇਅਰ ਸੈਂਟਰ ਹੈ ਵ੍ਹਈ ਵਾਚ, ਇਸ ਵਿੱਚ ਹੋਈ ਆਊਟਬ੍ਰੇਕ ਵਿੱਚ ਅੱਠ ਮਾਮਲੇ ਸਾਹਮਣੇ ਆਏ ਪਰ ਉਹ ਮੰਗਲਵਾਰ ਨੂੰ ਦੁਬਾਰਾ ਖੁੱਲ੍ਹਣ ਜਾ ਰਿਹਾ ਹੈ। ਮੈਨੇਜਰ ਸੋਨੀਆ ਜੌੜਾ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਸਟਾਫ ਦੀ ਸੂਝਬੂਝ ਕਾਰਨ ਤੇ ਪੂਰੀ ਤਰ੍ਹਾਂ ਕਰਵਾਈ ਗਈ ਵੈਕਸੀਨੇਸ਼ਨ ਕਾਰਨ ਇਹ ਸੰਭਵ ਹੋ ਸਕਿਆ ਹੈ।

ਉਨ੍ਹਾਂ ਦੱਸਿਆ ਕਿ ਜਿਵੇਂ ਹੀ ਉਨ੍ਹਾਂ ਨੂੰ ਪਤਾ ਲੱਗਿਆ ਕਿ ਕਿਸੇ ਬੱਚੇ ਦੇ ਮਾਪਿਆਂ ਵਿੱਚੋਂ ਇੱਕ ਦਾ ਟੈਸਟ ਪਾਜ਼ੀਟਿਵ ਆਇਆ ਹੈ, ਹੋਮ ਨੂੰ ਬੰਦ ਕਰ ਦਿੱਤਾ ਗਿਆ ਪਰ ਉਦੋਂ ਤੱਕ ਹਰੇਕ ਬੱਚੇ ਨੂੰ ਕੋਵਿਡ ਹੋ ਗਿਆ ਸੀ। ਇਹ ਬਹੁਤ ਤੇਜ਼ੀ ਨਾਲ ਫੈਲਦਾ ਹੈ। ਜਿਵੇਂ ਹੀ ਤੁਹਾਨੂੰ ਕੋਈ ਮਾਮਲਾ ਮਿਲੇ ਤੁਰੰਤ ਹੀ ਕਾਰਵਾਈ ਕਰਨੀ ਪੈਂਦੀ ਹੈ। ਉਨ੍ਹਾਂ ਆਖਿਆ ਕਿ ਸਾਡੇ ਕਈ ਘਰ ਹਨ ਪਰ ਇਹ ਮਾਮਲੇ ਇੱਕ ਘਰ ਤੱਕ ਹੀ ਸੀਮਤ ਰਹੇ। ਸਾਨੂੰ ਮਾਣ ਹੈ ਕਿ ਅਸੀਂ ਮਾਮਲੇ ਅੱਗੇ ਨਹੀਂ ਵਧਣ ਦਿੱਤੇ।

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca


ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification

Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor




For More Details Call: 416-970-5005/647-242-8667

Jas Toor
Sales Repersentative
Sutton
Sutton Group-Realty Experts
Brokerage*
Jagdish Grewal
Sales Repersentative
Century 21
President Realty Inc.
Brokerage*


## ਅੱਜ ਨਾਮਾ

ਖਿਸਕੀ ਹੱਥੋਂ ਜਦ ਦਿੱਸ ਪਈ ਡੋਰ ਬੇਲੀ,
ਲੱਗਾ ਜਾਪਣ ਸੀ ਕੈਪਟਨ ਕਮਜ਼ੋਰ ਬੇਲੀ।
ਮੰਨ ਲਈ ਸਿੱਧੂ ਦੀ ਓਦੋਂ ਪ੍ਰਧਾਨਗੀ ਸੀ,
ਰਸਤਾ ਰਿਹਾ ਨਾ ਜਦੋਂ ਕੋਈ ਹੋਰ ਬੇਲੀ।
ਅਹੁਦਾ ਸਾਂਭਣ ਤੋਂ ਬਾਅਦ ਹੀ ਰੋਜ਼ ਦੂਜੇ,
ਲਿਆ ਫਿਰ ਕਾਫਲਾ ਸਿੱਧੂ ਨੇ ਤੋਰ ਬੇਲੀ।
ਸੱਜਣ ਸਾਊ ਤਾਂ ਦਿੱਸਣ ਨਾ ਨਾਲ ਬਹੁਤੇ,
ਫਿਰਦੇ ਨਾਲ ਦਿੱਸਣ ਹਰ ਥਾਂ ਚੋਰ ਬੇਲੀ।
ਲੀਡਰ ਏਹੋ ਜਿਹਾ ਚਾਹੀਦਾ ਤੇਜ਼-ਤਿੱਖਾ,
ਲਏ ਪਛਾਣ ਉਹ ਠੱਗਾਂ ਦੀ ਸ਼ਕਲ ਬੇਲੀ।
ਜਾਂ ਤੇ ਸਿੱਧੂ ਨੂੰ ਏਨੀ ਕੁ ਸਮਝ ਹੈ ਨਹੀਂ,
ਜਾਂ ਕੁਝ ਠੱਗਾਂ ਦੀ ਤੇਜ਼ ਹੈ ਅਕਲ ਬੇਲੀ।

**ਤੀਸ ਮਾਰ ਖਾਂ**

# ਰੈਜ਼ੀਡੈਂਸ਼ੀਅਲ ਸਕੂਲਾਂ ਸਬੰਧੀ ਖੋਜਬੀਨ ਉੱਤੇ ਫੈਡਰਲ ਸਰਕਾਰ ਖਰਚੇਗੀ ਹੋਰ 321 ਮਿਲੀਅਨ ਡਾਲਰ

ਓਟਵਾ, 10 ਅਗਸਤ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਮੰਗਲਵਾਰ ਨੂੰ ਐਲਾਨ ਕੀਤਾ ਗਿਆ ਕਿ ਉਹ ਰੈਜ਼ੀਡੈਂਸ਼ੀਅਲ ਸਕੂਲਾਂ ਦੇ ਸਬੰਧ ਵਿੱਚ ਹੋਣ ਵਾਲੀ ਖੋਜਬੀਣ ਲਈ ਕੀਤੀਆਂ ਜਾਣ ਵਾਲੀਆਂ ਪਹਿਲਕਦਮੀਆਂ ਉੱਤੇ 321 ਮਿਲੀਅਨ ਡਾਲਰ ਹੋਰ ਖਰਚਣ ਦਾ ਇਰਾਦਾ ਰੱਖਦੀ ਹੈ। ਇਸ ਦੇ ਨਾਲ ਹੀ ਸਰਕਾਰ ਨੇ ਆਖਿਆ ਕਿ ਇਸ ਬਾਰੇ ਕੋਸ਼ਿਸ਼ ਕਰਨ ਵਾਲੀਆਂ ਇੰਡੀਜੀਨਸ ਕਮਿਊਨਿਟੀਜ਼ ਦੀ ਮਦਦ ਲਈ ਵੀ ਉਹ ਕੰਮ ਕਰਨਾ ਚਾਹੁੰਦੀ ਹੈ।

ਲਿਬਰਲ ਸਰਕਾਰ ਨੇ ਇਹ ਵੀ ਸਪਸ਼ਟ ਕੀਤਾ ਕਿ ਨਵੇਂ ਕਾਨੂੰਨੀ ਮਾਪਦੰਡਾਂ ਲਈ ਵਿਸ਼ੇਸ਼ ਵਾਰਤਾਕਾਰ ਨਿਯੁਕਤ ਕਰਨ ਬਾਰੇ ਵੀ ਉਹ ਵਿਚਾਰ ਕਰ ਰਹੀ ਹੈ। ਇੰਡੀਜੀਨਸ ਸਰਵਿਸਿਜ਼ ਮੰਤਰੀ ਮਾਰਕ ਮਿਲਰ ਨੇ ਇਹ ਐਲਾਨ ਕਰਦਿਆਂ ਆਖਿਆ ਕਿ ਅਸੀਂ ਸਮਝਦੇ ਹਾਂ ਕਿ ਅਜੇ ਇਸ ਪਾਸੇ ਕਾਫੀ ਕੰਮ ਕਰਨ ਵਾਲਾ ਪਿਆ ਹੈ।ਦੂਜੇ ਪਾਸੇ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਸੰਭਾਵੀ ਫੈਡਰਲ ਚੋਣਾਂ ਦੇ ਮੱਦੇਨਜ਼ਰ ਸਰਕਾਰ ਵੱਲੋਂ ਇਸ ਤਰ੍ਹਾਂ ਦੇ ਐਲਾਨ ਕੀਤੇ ਜਾ ਰਹੇ ਹਨ।

ਸਰਕਾਰ ਵੱਲੋਂ ਕੀਤੇ ਗਏ ਐਲਾਨ ਵਿੱਚੋਂ 83 ਮਿਲੀਅਨ ਡਾਲਰ ਪਹਿਲਾਂ ਤੋਂ ਕੀਤੇ ਗਏ ਵਾਅਦੇ ਮੁਤਾ-ਬਕ ਟਰੁੱਥ ਐਂਡ ਰੀਕੌਂਸੀਲਿਏਸ਼ਨ ਕਮਿਸ਼ਨ (ਟੀ ਆਰ ਸੀ) ਨੂੰ ਦਿੱਤੇ ਜਾਣ ਵਾਲੇ 33.8 ਮਿਲੀਅਨ ਡਾਲਰ ਵਿੱਚ ਹੀ ਸ਼ਾਮਲ ਕੀਤੇ ਜਾਣਗੇ।



ਇਸ ਤਹਿਤ ਰੈਜ਼ੀਡੈਂਸ਼ੀਅਲ ਸਕੂਲਾਂ ਵਿੱਚ ਪੜ੍ਹਨ ਵਾਲੇ ਉਨ੍ਹਾਂ ਬੱਚਿਆਂ ਦੀ ਪਛਾਣ ਕੀਤੀ ਜਾਵੇਗੀ ਜਿਹੜੇ ਕਦੇ ਘਰ ਨਹੀਂ ਪਰਤੇ। ਇਸ ਫੰਡਿੰਗ ਨਾਲ ਰਿਕਾਰਡ ਮੇਨਟੇਨ ਕਰਨ ਤੇ ਆਰਕਾਈਵ ਦੇ ਕੰਮ ਵਿੱਚ ਮਦਦ ਕੀਤੀ ਜਾਵੇਗੀ।

ਕ੍ਰਾਊਨ ਇੰਡੀਜੀਨਸ ਰਿਲੇਸ਼ਨਜ਼ ਮੰਤਰੀ ਕੈਰੋਲਿਨ ਬੈਨੇਟ ਨੇ ਆਖਿਆ ਕਿ ਜਦੋਂ ਤੋਂ ਕੈਨੇਡੀਅਨਜ਼ ਨੂੰ ਸਾਡੇ ਸਾਂਝੇ ਇਤਿਹਾਸ ਬਾਰੇ ਪਤਾ ਲੱਗਿਆ ਹੈ ਵੱਧ ਤੋਂ ਵੱਧ ਕੈਨੇਡੀਅਨਜ਼ ਮੂਲਵਾਸੀ ਕਮਿਊਨਿਟੀਜ਼ ਦੀ ਮਦਦ ਲਈ ਹਰ ਸੰਭਵ ਰਾਹ ਲੱਭ ਰਹੇ ਹਨ। ਮਿਲਰ ਨੇ ਇਹ ਵੀ ਆਖਿਆ ਕਿ ਸਰਕਾਰ 107.3 ਮਿਲੀਅਨ ਡਾਲਰ ਇੰਡੀਜੀਨਸ ਕਮਿਊਨਿਟੀਜ਼ ਨੂੰ ਪੀੜ੍ਹੀ ਦਰ ਪੀੜ੍ਹੀ ਸਹੇ ਗਏ ਦਰਦ ਵਿੱਚੋਂ ਬਾਹਰ ਨਿਕਲਣ ਵਿੱਚ ਮਦਦ ਕਰਨ ਉੱਤੇ ਵੀ ਖਰਚ ਕਰੇਗੀ। ਇਸ ਦੇ ਨਾਲ ਹੀ 100 ਮਿਲੀਅਨ ਡਾਲਰ ਰੈਜ਼ੀਡੈਂਸ਼ੀਅਲ ਸਕੂਲਾਂ ਦੀਆਂ ਬਿਲਡਿੰਗਾਂ ਨੂੰ ਢਾਹੁਣ ਜਾਂ ਇਨ੍ਹਾਂ ਇਮਾਰਤਾਂ ਦਾ ਰੂਪ ਰੰਗ ਬਦਲਣ ਉੱਤੇ ਖਰਚ ਕੀਤਾ ਜਾਵੇਗਾ ਜਾਂ ਫਿਰ ਪੁਰਾਣੀਆਂ ਇਮਾਰਤਾਂ ਉੱਤੇ ਨਵੀਆਂ ਇਮਾਰਤਾਂ ਉਸਾਰੀਆਂ ਜਾਣਗੀਆਂ।

# ਸਿਆਸਤ ਵਿਰੁੱਧ ਸੁਪਰੀਮ ਕੋਰਟ ਦੀ ਸਖਤੀ: ਉਮੀਦਵਾਰ ਐਲਾਨਣ ਤੋਂ 48 ਘੰਟਿਆਂ ਵਿੱਚ ਕੇਸਾਂ ਦੀ ਜਾਣਕਾਰੀ ਦੇਣੀ ਜ਼ਰੂਰੀ ਕਰ ਦਿੱਤੀ ਗਈ

### * ਭਾਜਪਾ-ਕਾਂਗਰਸ ਸਮੇਤ 8 ਰਾਜਨੀਤਕ ਦਲਾਂ ਨੂੰ ਲੱਖਾਂ ਦੇ ਜੁਰਮਾਨੇ * ਲੀਡਰਾਂ ਵਿਰੁੱਧ ਕੇਸ ਰਾਜ ਸਰਕਾਰਾਂ ਵਾਪਸ ਨਹੀਂ ਲੈ ਸਕਣਗੀਆਂ

ਨਵੀਂ ਦਿੱਲੀ, 10 ਅਗਸਤ, (ਪੋਸਟ ਬਿਊਰੋ)- ਭਾਰਤ ਦੀਸੁਪਰੀਮ ਕੋਰਟ ਨੇ ਰਾਜਨੀਤੀ ਦੇ ਅਪਰਾਧੀਕਰਨ ਨਾਲ ਜੁੜੇ ਇੱਕ ਕੇਸ ਦੀ ਸੁਣਵਾਈ ਦੌਰਾਨ ਹੁਕਮ ਦਿੱਤਾ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਨੂੰ ਆਪਣੇ ਉਮੀਦਵਾਰਾਂ ਦੇ ਐਲਾਨ ਕਰਨ ਤੋਂ 48 ਘੰਟਿਆਂ ਦੇ ਅੰਦਰ ਉਨ੍ਹਾਂ ਨਾਲ ਜੁੜੀ ਸਾਰੀ ਜਾਣਕਾਰੀ ਜਨਤਕ ਕਰਨੀ ਹੋਵੇਗੀ। ਕੋਰਟ ਨੇ ਆਪਣੇ ਹੁਕਮ ਵਿੱਚ ਸਪੱਸ਼ਟ ਕੀਤਾ ਹੈ ਕਿ ਜੇ ਕਿਸੇ ਉਮੀਦਵਾਰ ਵਿਰੁੱਧ ਅਪਰਾਧਿਕ ਕੇਸ ਦਰਜ ਹੈ ਜਾਂ ਉਮੀਦਵਾਰ ਕਿਸੇ ਕੇਸ ਵਿੱਚ ਦੋਸ਼ੀ ਹੈ, ਤਾਂ ਉਸਦੀ ਜਾਣਕਾਰੀ ਵੀ 48 ਘੰਟਿਆਂ ਦੇ ਅੰਦਰ ਦੇਣੀ ਹੋਵੇਗੀ।

ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ ਸਿਆਸੀ ਪਾਰਟੀਆਂ ਦੇ ਅਪਰਾਧਿਕ ਰਿਕਾਰਡਾਂਬਾਰੇ ਨਿਰਦੇਸ਼ਾਂ ਨੂੰ ਹੋਰ ਸਖਤ ਕਰਨ ਲਈ ਰਾਜਨੀਤੀਦੇ ਅਪਰਾਧੀਕਰਨ ਵਿਰੁੱਧ 13 ਫਰਵਰੀ 2020 ਦੇ ਆਪਣੇ ਫੈਸਲੇਦੀ ਸੋਧ ਕਰ ਕੇ ਕਿਹਾ ਹੈਕਿ ਰਾਜਸੀ ਪਾਰਟੀਆਂ ਨੂੰ ਚੋਣਾਂ ਲਈ ਆਪਣੇ ਉਮੀਦਵਾਰਾਂ ਦਾ ਅਪਰਾਧਿਕ ਇਤਿਹਾਸ ਜਾਰੀ ਕਰਨਾ ਪਏਗਾ।ਇਸ ਤੋਂ ਪਹਿਲਾਂ ਫਰਵਰੀ 2020 ਵਿੱਚ ਸੁਪਰੀਮ ਕੋਰਟ ਨੇ ਇੱਕ ਫੈਸਲੇ ਵਿੱਚ ਹੁਕਮਦਿੱਤਾ ਸੀ ਕਿ ਰਾਜਨੀਤਿਕ ਪਾਰਟੀਆਂ ਆਪਣੇ ਉਮੀਦਵਾਰਾਂ ਦੀ ਚੋਣ ਦੇ 48 ਘੰਟਿਆਂ ਅੰਦਰ ਜਾਂ ਨਾਮਜ਼ਦਗੀ ਕਾਗਜ਼ ਪੇਸ਼ ਕਰਨ ਦੀ ਪਹਿਲੀ ਮਿਤੀ ਤੋਂ ਘੱਟੋ-ਘੱਟ ਦੋ ਹਫਤੇ ਪਹਿਲਾਂ, ਦੋਵਾਂ ਵਿੱਚੋਂਜੋ ਵੀ ਪਹਿਲਾਂ ਹੋਵੇ, ਆਪਣੇ ਉਮੀਦਵਾਰ ਬਾਰੇ ਹਰ ਜਾਣਕਾਰੀ ਨੂੰ ਜਨਤਕ ਕਰਨਾ ਹੋਵੇਗਾ ਅਤੇਜੇ ਉਮੀਦਵਾਰ ਦੇ ਵਿਰੁੱਧ ਕੋਈ ਅਪਰਾਧਿਕ ਕੇਸ ਚੱਲਦਾ ਹੈ ਤਾਂ ਇਹ ਵੀ ਦੱਸਣਾ ਹੋਵੇਗਾ।



ਇਸ ਦੌਰਾਨ ਕੋਰਟ ਨੇ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਉਮੀਦਵਾਰਾਂ ਦਾ ਅਪਰਾਧਕ ਵੇਰਵਾ ਜਨਤਕ ਕਰਨ ਤੇ ਅਪਰਾਧਕ ਰਿਕਾਰਡ ਵਾਲੇ ਵਿਅਕਤੀ ਨੂੰ ਉਮੀਦਵਾਰ ਬਣਾਉਣ ਦਾ ਕਾਰਨ ਦੱਸਣ ਦੇ ਹੁਕਮ ਉੱਤੇ ਅਮਲ ਨਾ ਕਰਨ ਦੇ ਦੋਸ਼ ਹੇਠ ਅੱਠ ਸਿਆਸੀ ਪਾਰਟੀਆਂ ਨੂੰ ਦੋਸ਼ੀ ਮੰਨ ਕੇ ਜੁਰਮਾਨਾ ਲਾਇਆ ਹੈ। ਇਨ੍ਹਾਂ ਵਿੱਚੋਂ ਜਨਤਾ ਦਲ (ਯੂ), ਰਾਸ਼ਟਰੀ ਜਨਤਾ ਦਲ, ਲੋਕ ਜਨਸ਼ਕਤੀ ਪਾਰਟੀ, ਕਾਂਗਰਸ, ਭਾਜਪਾ ਅਤੇ ਸੀਪੀਆਈ ਨੂੰ ਇੱਕ-ਇੱਕ ਲੱਖ ਰੁਪਏ ਅਤੇ ਸੀ ਪੀ ਆਈ (ਐੱਮ)ਅਤੇ ਐੱਨਸੀਪੀ ਪਾਰਟੀ ਨੂੰ ਪੰਜ-ਪੰਜ ਲੱਖ ਰੁਪਏ ਜੁਰਮਾਨਾ ਲੱਗਾ ਹੈ, ਜਿਹੜਾਅੱਠ ਹਫ਼ਤਿਆਂ ਵਿੱਚ ਚੋਣ ਕਮਿਸ਼ਨ ਵੱਲੋਂ ਬਣਾਏ ਵਿਸ਼ੇਸ਼ ਖਾਤੇ ਵਿੱਚਜਮ੍ਹਾ ਕਰਾਉਣਾ ਪਵੇਗਾ। ਇਸ ਤੋਂ ਇਲਾਵਾ ਸੁਪਰੀਮ ਕੋਰਟ ਨੇ ਵੋਟਰਾਂ ਨੂੰ ਉਮੀਦਵਾਰਾਂ ਦੇ ਅਪਰਾਧਕ ਰਿਕਾਰਡਾਂ ਦੀ ਜਾਣਕਾਰੀ ਦੇਣ ਅਤੇ ਜਾਗਰੂਕ ਕਰਨ ਲਈ ਸਿਆਸੀ ਪਾਰਟੀਆਂ ਤੇ ਚੋਣ ਕਮਿਸ਼ਨ ਨੂੰ ਹੁਕਮ ਦਿੱਤੇ ਹਨ, ਜਿਨ੍ਹਾਂ ਨਾਲ ਪਾਰਟੀਆਂ ਨੂੰ ਉਮੀਦਵਾਰ ਚੋਣ ਦੇ 48 ਘੰਟਿਆਂ ਵਿੱਚ ਉਸਦਾ ਅਪਰਾਧਕ ਵੇਰਵਾ ਵੈੱਬਸਾਈਟ ਦੇ ਹੋਮ ਪੇਜ ਉੱਤੇ ਜਨਤਕ ਕਰਨਾ ਪਵੇਗਾ।

ਜਸਟਿਸ ਆਰਐੱਫ ਨਰੀਮਨ ਅਤੇ ਜਸਟਿਸ ਬੀਆਰ ਗਵਈ ਦੇ ਬੈਂਚ ਨੇ ਸੁਪਰੀਮ ਕੋਰਟ ਦੇ ਇਹ ਹੁਕਮ13 ਫਰਵਰੀ 2020 ਦੇ ਆਦੇਸ਼ ਦੀ ਉਲੰਘਣਾ ਦਾ ਦੋਸ਼ ਲਾਉਂਦੀਆਂ ਪਟੀਸ਼ਨਾਂ ਦਾ ਫ਼ੈਸਲਾ ਕਰਨ ਵੇਲੇ ਦਿੱਤੇ ਹਨ।ਵਰਨਣ ਯੋਗ ਹੈ ਕਿ ਕੋਰਟ ਦੇ ਉਸਹੁਕਮ ਪਿੱਛੋਂ ਬਿਹਾਰ ਵਿਧਾਨ ਸਭਾ ਚੋਣ ਪਹਿਲੀ ਸੀ, ਇਸ ਲਈ ਕੋਰਟ ਦਾ ਨਰਮ ਰੁਖ਼ ਸੀ, ਪਰ ਭਵਿੱਖ ਵਿੱਚ ਸਿਆਸੀ ਧਿਰਾਂਨੇ ਆਦੇਸ਼ ਦੀ ਪਾਲਣਾ ਨਾ ਕੀਤੀ ਤਾਂ ਗੰਭੀਰਤਾ ਨਾਲ ਲਿਆ ਜਾਵੇਗਾ। ਬਿਹਾਰ ਵਿਧਾਨ ਸਭਾ ਚੋਣਾਂ ਵਿੱਚ 10 ਮਾਨਤਾ ਪ੍ਰਾਪਤ ਪਾਰਟੀਆਂ ਵਿੱਚੋਂ ਨੌਂ ਨੂੰ ਦੋਸ਼ੀ ਮੰਨ ਕੇ ਅੱਠਾਂ ਨੂੰ ਇਹ ਜੁਰਮਾਨਾ ਲਾਇਆ ਗਿਆ ਹੈ। ਰਾਸ਼ਟਰੀ ਲੋਕ ਸਮਤਾ ਪਾਰਟੀ ਵੀ ਉਲੰਘਣਾ ਦੀ ਦੋਸ਼ੀ ਸੀ, ਪਰ ਇਸ ਦਾ ਰਲੇਵਾਂ ਜਨਤਾ ਦਲ ਯੂ ਵਿੱਚ ਹੋ ਚੁੱਕਾ ਹੈ।ਬਹੁਜਨ ਸਮਾਜ ਪਾਰਟੀ ਇਕੋ ਇਕ ਸੀ, ਜਿਸ ਨੂੰ ਕੋਰਟ ਨੇ ਇਸ ਕੇਸ ਦਾ ਦੋਸ਼ੀ ਨਹੀਂ ਠਹਿਰਾਇਆ ਅਤੇ ਉਸ ਵੱਲੋਂਆਪਣੇ ਦੋ ਉਮੀਦਵਾਰਾਂ ਦਾ ਵੇਰਵਾ ਨਾ ਦੇਣ ਬਾਰੇ ਦਿੱਤੀ ਸਫ਼ਾਈ ਮੰਨ ਲਈ ਹੈ।

ਅੱਜ ਦੀ ਸੁਣਵਾਈ ਦੌਰਾਨ ਇੱਕ ਹੋਰ ਕੇਸ ਵਿੱਚ ਸੁਪਰੀਮ ਕੋਰਟ ਨੇ ਪਾਰਲੀਮੈਂਟਮੈਂਬਰਾਂ ਤੇ ਵਿਧਾਇਕਾਂ (ਐਮਪੀ/ਐਮਐਲਏਜ਼)ਦੇ ਵਿਰੁੱਧ ਕੇਸਾਂ ਬਾਰੇ ਅਹਿਮ ਹੁਕਮਦਿੱਤਾ ਹੈ ਕਿ ਰਾਜ ਸਰਕਾਰਾਂ ਹਾਈ ਕੋਰਟ ਦੀ ਇਜਾਜ਼ਤ ਤੋਂ ਬਿਨਾਂ ਅਪਰਾਧਿਕ ਪ੍ਰਕਿਰਿਆ ਕਾਨੂੰਨ (ਸੀਆਰਪੀਸੀ) ਹੇਠਆਗੂਆਂ ਉੱਤੇ ਚੱਲਦੇਕੇਸ ਵਾਪਸ ਨਹੀਂ ਲੈ ਸਕਦੀਆਂ। ਇਹ ਹੁਕਮ ਭਾਰਤ ਦੇ ਚੀਫ ਜਸਟਿਸ ਐੱਨ ਵੀ ਰਾਮੰਨਾ, ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਵਿਨੀਤ ਸਰਨ ਦੇ ਤਿੰਨ ਜੱਜਾਂ ਦੇ ਬੈਂਚ ਨੇ ਦਿੱਤੇ ਹਨ।ਇਸ ਬੈਂਚ ਨੇ ਇਹ ਵੀ ਕਿਹਾ ਕਿ ਉਹ ਸਿਆਸਤਦਾਨਾਂ ਵਿਰੁੱਧ ਦਰਜ ਕੇਸਾਂ ਦੀ ਜਾਂਚ ਲਈ ਸੁਪਰੀਮ ਕੋਰਟਦਾ ਵਿਸ਼ੇਸ਼ ਬੈਂਚ ਬਣਾਉਣਬਾਰੇ ਬਾਰੇ ਵੀ ਵਿਚਾਰ ਕਰ ਰਹੇ ਹਨ।

ਸੁਪਰੀਮ ਕੋਰਟ ਵਿੱਚਇੱਕ ਪਟੀਸ਼ਨ ਦਾਇਰ ਕਰ ਕੇ ਕਿਹਾ ਗਿਆ ਸੀ ਕਿ ਪਾਰਲੀਮੈਂਟ ਦੇ ਮੌਜੂਦਾ ਮੈਂਬਰਾਂ ਅਤੇ ਵਿਧਾਇਕਾਂ ਵਿਰੁੱਧ ਦਰਜ ਕੇਸਾਂ ਦੀ ਵਿਸ਼ੇਸ਼ ਅਦਾਲਤ ਵਿੱਚ ਤੇਜ਼ ਸੁਣਵਾਈ ਹੋਣੀ ਚਾਹੀਦੀ ਹੈ। ਇਸ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕਿਹਾ ਕਿ ਸਭ ਹਾਈ ਕੋਰਟਾਂ ਦੇ ਰਜਿਸਟਰਾਰ ਜਨਰਲ ਨੂੰ ਆਪਣੇ ਮੁੱਖ ਜੱਜ ਨੂੰ ਪਾਰਲੀਮੈਂਟ ਮੈਂਬਰਾਂ ਅਤੇ ਵਿਧਾਇਕਾਂ ਵਿਰੁੱਧਪੈਂਡਿੰਗ ਕੇਸਾਂ ਦੀ ਸੂਚਨਾ ਦੇਣੀ ਚਾਹੀਦੀ ਹੈ ਅਤੇ ਸੀਬੀਆਈ ਕੋਰਟ ਤੇ ਹੋਰ ਅਦਾਲਤਾਂ ਨੂੰ ਪਾਰਲੀਮੈਂਟ ਮੈਂਬਰਾਂ ਅਤੇ ਵਿਧਾਇਕਾਂ ਵਿਰੁੱਧਕੇਸਾਂ ਦੀ ਸੁਣਵਾਈ ਜਾਰੀ ਰੱਖਣੀ ਚਾਹੀਦੀ ਹੈ।

# ਓ ਬੀ ਸੀ ਰਾਖਵਾਂਕਰਨ ਬਿੱਲ ਲੋਕ ਸਭਾ ਵਿੱਚ ਪਾਸ



ਨਵੀਂ ਦਿੱਲੀ, 10 ਅਗਸਤ, (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਦੇ ਹੇਠਲੇ ਹਾਊਸ ਲੋਕ ਸਭਾਨੇ ਅੱਜ ਸੰਵਿਧਾਨ (127ਵਾਂ ਸੋਧ) ਬਿੱਲ ਪਾਸ ਕਰ ਦਿੱਤਾ ਹੈ, ਜਿਹੜਾ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਆਪਣੀ ਓ ਬੀ ਸੀ ਸੂਚੀ ਬਣਾਉਣ ਦੀ ਸ਼ਕਤੀ ਨੂੰ ਬਹਾਲ ਕਰੇਗਾ। ਬੀਤੇ ਦਿਨੀਂ ਕੈਬਨਿਟ ਨੇ ਇਸ ਨੂੰ ਮਨਜ਼ੂਰੀ ਦਿੱਤੀ ਸੀ।

ਵਰਨਣ ਯੋਗ ਹੈ ਕਿ ਇਸ ਬਿੱਲ ਨਾਲ ਮਹਾਰਾਸ਼ਟਰ ਵਿੱਚ ਮਰਾਠਾ ਭਾਈਚਾਰੇ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਜਾਟ ਭਾਈਚਾਰੇ ਨੂੰ ਓ ਬੀ ਸੀ (ਹੋਰ ਪਛੜਿਆ ਵਰਗ) ਵਿੱਚ ਸ਼ਾਮਿਲ ਕਰਨ ਅਤੇ ਉਨ੍ਹਾਂ ਨੂੰ ਰਾਖਵਾਂਕਰਨ ਦੇਣ ਦਾ ਰਸਤਾ ਸਾਫ਼ ਹੋ ਜਾਵੇਗਾ। ਕਿਹਾ ਜਾ ਰਿਹਾ ਹੈ ਕਿ ਇਸ ਫੈਸਲੇ ਤੋਂ ਬਾਅਦ ਕੇਂਦਰ ਸਰਕਾਰ ਉੱਤੇ ਰਾਖਵਾਂਕਰਨ ਦੀ 50 ਫੀਸਦੀ ਦੀ ਸੀਮਾ ਖ਼ਤਮ ਕਰਨ ਲਈ ਦਬਾਅ ਵਧੇਗਾ। ਇਸ ਮੌਕੇ ਕਾਂਗਰਸ ਪਾਰਟੀ ਨੇ ਲੋਕਸਭਾ ਵਿੱਚ ਓ ਬੀ ਸੀ ਰਾਖਵਾਂਕਰਨ ਬਿੱਲ ਦਾ ਸਮਰਥਨ ਕੀਤਾ ਹੈ। ਕਾਂਗਰਸ ਦੇ ਪਾਰਲੀਮੈਂਟ ਮੈਂਬਰ ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਅਸੀਂ ਇਸ ਬਿੱਲ ਦਾ ਸਮਰਥਨ ਕਰਦੇ ਤੇ ਮੰਗ ਕਰਦੇ ਹਾਂ ਕਿ 50 ਫੀਸਦੀ ਹੱਦ ਹਟਾਉਣ ਬਾਰੇ ਵੀ ਸੋਚਿਆ ਜਾਵੇ। ਕਾਂਗਰਸ ਦੀ ਰਾਏ ਹੈ ਕਿ ਇਹ ਹੱਦ ਹਟਣ ਤੋਂ ਬਾਅਦ ਹੀ ਮਰਾਠਾ ਹੋਰ ਭਾਈਚਾਰਿਆਂ ਦੇ ਲੋਕਾਂ ਨੂੰ ਇਸ ਦਾ ਫਾਇਦਾ ਮਿਲ ਸਕੇਗਾ।

# ਕੋਵਿਡ-19 ਮਾਮਲਿਆਂ ਵਿੱਚ ਹੋਣ ਵਾਲੇ ਮਾਮੂਲੀ ਵਾਧੇ ਤੋਂ ਘਬਰਾਉਣ ਦੀ ਲੋੜ ਨਹੀਂ : ਮੂਰ

### ਮੁਕੰਮਲ ਰੀਓਪਨਿੰਗ ਤੋਂ ਦੋ ਕਦਮ ਦੂਰ ਹੈ ਓਨਟਾਰੀਓ

ਟੋਰਾਂਟੋ, 10 ਅਗਸਤ (ਪੋਸਟ ਬਿਊਰੋ) : ਓਨਟਾਰੀਓ ਦੇ ਉੱਘੇ ਡਾਕਟਰ ਦਾ ਕਹਿਣਾ ਹੈ ਕਿ ਸਾਲ ਦੇ ਅੰਤ ਵਿੱਚ ਕੋਵਿਡ-19 ਮਾਮਲਿਆਂ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ ਪਰ ਇਹ ਚਿੰਤਾ ਦਾ ਕਾਰਨ ਨਹੀਂ ਹੈ। ਉਨ੍ਹਾਂ ਆਖਿਆ ਕਿ ਪ੍ਰੋਵਿੰਸ ਰੀਓਪਨਿੰਗ ਪ੍ਰਕਿਰਿਆ ਦੇ ਤੀਜੇ ਪੜਾਅ ਵਿੱਚੋਂ ਬਾਹਰ ਨਿਕਲਣ ਜਾ ਰਿਹਾ ਹੈ।

ਪ੍ਰੋਵਿੰਸ ਵਿੱਚ ਲਗਾਤਾਰ ਪੰਜਵੇਂ ਦਿਨ ਕੋਵਿਡ-19 ਦੇ ਮਾਮਲੇ 300 ਤੋਂ ਉੱਪਰ ਰਹੇ, ਇਸ ਨਾਲ ਸੱਤ ਦਿਨਾਂ ਦੀ ਰੋਜ਼ਾਨਾ ਕੋਵਿਡ ਇਨਫੈਕਸ਼ਨ 306 ਤੱਕ ਪਾਈ ਗਈ। ਆਖਰੀ ਵਾਰੀ ਕੋਵਿਡ-19 ਦੇ ਮਾਮਲਿਆਂ ਵਿੱਚ ਅਜਿਹਾ ਵਾਧਾ ਜੂਨ ਦੇ ਅਖੀਰ ਵਿੱਚ ਪਾਇਆ ਗਿਆ ਸੀ। ਮੰਗਲਵਾਰ ਦੁਪਹਿਰ ਨੂੰ ਨਿਊਜ਼ ਕਾਨਫਰੰਸ ਵਿੱਚ ਗੱਲ ਕਰਦਿਆਂ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ• ਕੀਰਨ ਮੂਰ ਨੇ ਆਖਿਆ ਕਿ ਕੋਵਿਡ-19 ਮਾਮਲਿਆਂ ਵਿੱਚ ਹੋਣ ਵਾਲੇ ਵਾਧੇ ਤੋਂ ਬਚਣ ਦਾ ਇੱਕੋ ਰਾਹ ਇਹ ਹੈ ਕਿ ਅਸੀਂ ਆਪਣਾ ਟੀਕਾਕਰਣ ਪੂਰਾ ਕਰਵਾਈਏ।

ਉਨ੍ਹਾਂ ਆਖਿਆ ਕਿ ਅਗਸਤ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਹੌਲੀ ਹੌਲੀ ਵਾਧਾ ਹੋਇਆ ਹੈ ਤੇ ਇੰਡੋਰਜ਼ ਲਈ ਪਾਬੰਦੀਆਂ ਹਟਾਏ ਜਾਣ ਤੋਂ ਬਾਅਦ ਇਹ ਮਾਮਲੇ ਹੋਰ ਤੇਜ਼ੀ ਨਾਲ ਵਧੇ ਹਨ। ਉਨ੍ਹਾਂ ਆਖਿਆ ਕਿ



ਪਬਲਿਕ ਹੈਲਥ ਯੂਨਿਟਸ ਕੋਲ ਹੁਣ ਅਜਿਹੇ ਮਾਮਲਿਆਂ ਦੀ ਕਾਂਟੈਕਟ ਟਰੇਸਿੰਗ ਲਈ ਪੂਰੀ ਸਮਰੱਥਾ ਹੈ ਤੇ ਅਸੀਂ ਇਸ ਬਿਮਾਰੀ ਨੂੰ ਅੱਗੇ ਫੈਲਣ ਤੋਂ ਰੋਕ ਵੀ ਸਕਦੇ ਹਾਂ। ਉਨ੍ਹਾਂ ਆਖਿਆ ਕਿ ਵੱਡੀ ਉਮਰ ਦੇ ਬਹੁਤੇ ਲੋਕ ਟੀਕਾਕਰਣ ਕਰਵਾ ਚੁੱਕੇ ਹਨ, ਹੁਣ ਨੌਜਵਾਨ ਵਰਗ ਅਜਿਹਾ ਹੈ ਜਿਸ ਵਿੱਚ ਕੋਵਿਡ ਦੇ ਮਾਮਲੇ ਜ਼ਿਆਦਾ ਪਾਏ ਜਾ ਰਹੇ ਹਨ। ਤੀਜੀ ਵੇਵ ਵਿੱਚ ਵੀ ਇਹੋ ਸਾਹਮਣੇ ਆਇਆ ਕਿ ਨੌਜਵਾਨਾਂ ਨੂੰ ਵਧੇਰੇ ਟੀਕਾਕਰਣ ਦੀ ਲੋੜ ਹੈ।

ਉਨ੍ਹਾਂ ਆਖਿਆ ਕਿ ਮੁਕੰਮਲ ਟੀਕਾਕਰਣ ਦਰ ਤੇ ਮਾਸਕ ਲਾਉਣ ਵਰਗੀਆਂ ਪ੍ਰੋਟੋਕਾਲਜ਼ ਨੂੰ ਮੰਨ ਕੇ ਹੈਲਥ ਕੇਅਰ ਸਿਸਟਮ ਨੂੰ ਰਿਕਵਰ ਹੋਣ ਦਾ ਮੌਕਾ ਦਿੱਤਾ ਜਾ ਸਕਦਾ ਹੈ।ਮੂਰ ਅਨੁਸਾਰ 12 ਸਾਲ ਤੇ ਇਸ ਤੋਂ ਵੱਧ ਉਮਰ ਦੇ 81 ਫੀ ਸਦੀ ਓਨਟਾਰੀਓ ਵਾਸੀਆਂ ਨੂੰ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼ ਲੱਗ ਚੁੱਕੀ ਹੈ। ਪ੍ਰੋਵਿੰਸ ਸੈਕਿੰਡ ਡੋਜ਼ ਵੈਕਸੀਨੇਸ਼ਨ ਦਾ 75 ਫੀ ਸਦੀ ਟੀਚਾ ਪੂਰਾ ਕਰਨ ਤੋਂ ਤਿੰਨ ਫੀ ਸਦੀ ਦੀ ਦੂਰੀ ਉੱਤੇ ਹੈ। ਮੂਰ ਨੇ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਅਗਲੇ ਹਫਤੇ ਤੋਂ 10 ਦਿਨਾਂ ਦੇ ਅੰਦਰ ਇਹ ਟੀਚਾ ਪੂਰਾ ਕਰ ਲਿਆ ਜਾਵੇਗਾ।

# ਮੈਨੀਟੋਬਾ ਦੇ ਪ੍ਰੀਮੀਅਰ ਬ੍ਰਾਇਨ ਪੈਲਿਸਤਰ ਨੇ ਮੁੜ ਚੋਣ ਨਾ ਲੜਨ ਦਾ ਕੀਤਾ ਐਲਾਨ

ਵਿਨੀਪੈਗ, 10 ਅਗਸਤ (ਪੋਸਟ ਬਿਊਰੋ) : ਅਗਲੀਆਂ ਚੋਣਾਂ ਵਿੱਚ ਮੈਨੀਟੋਬਾ ਦੇ ਪ੍ਰੀਮੀਅਰ ਬ੍ਰਾਇਨ ਪੈਲਿਸਤਰ ਮੁੜ ਖੜ੍ਹੇ ਨਹੀਂ ਹੋਣਾ ਚਾਹੁੰਦੇ ਪਰ ਉਹ ਹਾਲ ਦੀ ਘੜੀ ਆਫਿਸ ਵਿੱਚ ਬਣੇ ਰਹਿਣਗੇ। ਮੰਗਲਵਾਰ ਦੁਪਹਿਰ ਨੂੰ ਪੈਲਿਸਤਰ ਨੇ ਬਰੈਂਡਨ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਆਫ ਮੈਨੀਟੋਬਾ ਕਾਕਸ ਦੀ ਹੋਈ ਮੀਟਿੰਗ ਵਿੱਚ ਇਹ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਉਹ ਮਹਿਸੂਸ ਕਰ ਰਹੇ ਹਨ ਕਿ ਨਵੇਂ ਲੀਡਰ ਤੇ ਪ੍ਰੀਮੀਅਰ ਦੀ ਚੋਣ ਕਰਨ ਦਾ ਸਮਾਂ ਆ ਗਿਆ ਹੈ, ਜਿਹੜਾ ਸਾਡੀ ਪ੍ਰੋਵਿੰਸ ਨੂੰ ਅੱਗੇ ਲਿਜਾ ਸਕੇ। ਉਨ੍ਹਾਂ ਆਖਿਆ ਕਿ ਉਹ ਅਗਲੀਆਂ ਚੋਣਾਂ ਨਹੀਂ ਲੜਨੀਆਂ ਚਾਹੁੰਦੇ।ਪੈਲਿਸਤਰ ਨੇ 2012 ਵਿੱਚ ਪਾਰਟੀ ਲੀਡਰਸ਼ਿਪ ਜਿੱਤੀ ਤੇ ਉਹ 2016 ਵਿੱਚ ਮੈਨੀਟੋਬਾ ਦੇ 22ਵੇਂ ਪ੍ਰੀਮੀਅਰ ਬਣੇ। 2019 ਵਿੱਚ ਉਹ ਮੁੜ ਪ੍ਰੀਮੀਅਰ ਚੁਣੇ ਗਏ।



ਪੈਲਿਸਤਰ ਨੇ ਆਖਿਆ ਕਿ ਇਸ ਮੌਕੇ ਅਹੁਦੇ ਤੋਂ ਪਾਸੇ ਹੋਣ ਨਾਲ ਪਾਰਟੀ ਮੈਂਬਰਾਂ ਕੋਲ ਨਵਾਂ ਆਗੂ ਚੁਣਨ ਲਈ ਕਾਫੀ ਸਮਾਂ ਹੋਵੇਗਾ। ਇਸ ਦੇ ਨਾਲ ਹੀ ਮੈਨੀਟੋਬਾ ਦੇ ਲੋਕ ਵੀ ਆਪਣੇ ਨਵੇਂ ਆਗੂ ਤੇ ਪ੍ਰੀਮੀਅਰ ਨੂੰ ਚੰਗੀ ਤਰ੍ਹਾਂ ਜਾਣ ਸਕਣਗੇ।ਪ੍ਰੀਮੀਅਰ ਨੇ ਇਹ ਨਹੀਂ ਆਖਿਆ ਕਿ ਉਹ ਕਿਸ ਸਮੇਂ ਅਹੁਦਾ ਛੱਡਣਗੇ ਤੇ ਨਾ ਹੀ ਉਨ੍ਹਾਂ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਹੀ ਦਿੱਤੇ।ਪੈਲਿਸਤਰ ਦੇ ਪ੍ਰੈੱਸ ਸਕੱਤਰ ਨੇ ਦੱਸਿਆ ਕਿ ਉਹ ਪ੍ਰੀਮੀਅਰ ਬਣੇ ਰਹਿਣਗੇ ਪਰ ਉਨ੍ਹਾਂ ਪੀਸੀ ਪਾਰਟੀ ਨੂੰ ਨਵਾਂ ਆਗੂ ਚੁਣਨ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਆਖ ਦਿੱਤਾ ਹੈ।

ਪੈਲਿਸਤਰ ਦੇ ਐਲਾਨ ਤੋਂ ਕੁੱਝ ਮਿੰਟ ਬਾਅਦ ਟਵਿੱਟਰ ਉੱਤੇ ਬਿਆਨ ਪੋਸਟ ਕਰਕੇ ਪੀਸੀ ਪਾਰਟੀ ਦੇ ਪ੍ਰੈਜ਼ੀਡੈਂਟ ਟੌਮ ਵੀਬੇਅ ਨੇ ਆਖਿਆ ਕਿ ਉਨ੍ਹਾਂ ਨੂੰ ਸਵੇਰੇ ਹੀ ਇਸ ਸੱਭ ਕਾਸੇ ਦਾ ਪਤਾ ਲੱਗਿਆ। ਉਨ੍ਹਾਂ ਆਖਿਆ ਕਿ ਆਉਣ ਵਾਲੇ ਦਿਨਾਂ ਵਿੱਚ ਉਹ ਪਾਰਟੀ ਦੀ ਐਗਜ਼ੈਕਟਿਵ ਕਾਊਂਸਲ ਦੀ ਮੀਟਿੰਗ ਰੱਖਕੇ ਲੀਡਰਸ਼ਿਪ ਚੋਣਾਂ ਲਈ ਨਿਯਮ ਸਪਸ਼ਟ ਕਰਨਗੇ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



REXDALE BODY SHOP
USED CAR SALE
Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkwy unit #45, Brampton, ON L6S 5T4 Email: grandupholsery@gmail.com

# ਸੀਨੀਅਰਜ਼ ਵਲੋਂ ਬੱਫਰਜ਼ ਪਾਰਕ ਅਤੇ ਬੀਚ ਦਾ ਟੂਰ





(ਹਰਜੀਤ ਬੇਦੀ): ਕੋਵਿਡ ਨਿਯਮਾਂ ਵਿੱਚ ਕੁੱਝ ਢਿੱਲ ਮਿਲਣ ਕਾਰਣ ਪਿਛਲੇ ਦਿਨੀਂ ਬਰੈਂਪਟਨ ਦੀਆਂ ਵੱਖ ਵੱਖ ਕਲੱਬਾਂ ਦੇ ਸਰਗਰਮ ਸੀਨੀਅਰਾਂ ਨੇ ਪਰਮਜੀਤ ਬੜਿੰਗ ਸਾਬਕਾ ਪਰਧਾਨ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ ਆਫ ਬਰੈਂਪਟਨ ਦੀ ਅਗਵਾਈ ਵਿੱਚ ਬੱਫਰਜ਼ ਪਾਰਕ ਅਤੇ ਬੀਚ ਸਕਾਰਬਰੋਅ ਦਾ ਟੂਰ ਲਾਇਆ। ਟੂਰ ਦੇ ਪਰਬੰਧ ਵਿਚ ਅਮਰਜੀਤ ਸਿੰਘ ਵਾਈਸ ਪਰੈਜੀਡੈਂਟ ਰੈਂਡ ਵਿੱਲੋ ਕਲੱਬ ਨੇ ਵਿਸ਼ੇਸ਼ ਯੋਗਦਾਨ ਪਾਇਆ। ਸਵੇਰੇ 9:30 ਦੇ ਕਰੀਬ ਰੈਂਡ ਵਿੱਲੋ ਪਾਰਕ ਵਿੱਚੋਂ 22 ਦੇ ਕਰੀਬ ਸੀਨੀਅਰਜ ਸ਼ਿਵਦੇਵ ਸਿੰਘ ਰਾਹੀਂ ਲਾਏ ਜੈਕਾਰੇ ਨਾਲ ਬੱਸ ਰਾਹੀਂ ਟੂਰ ਵਾਲੀ ਥਾਂ ਲਈ ਰਵਾਨਾ ਹੋ ਗਏ। ਤਕਰੀਬਨ ਇੱਕ ਘੰਟੇ ਵਿੱਚ ਬੀਚ ਤੇ ਪਹੁੰਚ ਗਏ। ਖੁੱਲ੍ਹ ਮਿਲਣ ਕਾਰਣ ਕਾਫੀ ਗਿਣਤੀ ਵਿੱਚ ਵੱਖ ਵੱਖ ਵਰਗਾਂ ਤੇ ਉਮਰ ਦੇ ਲੋਕ ਬੀਚ ਤੇ ਪਹੁੰਚੇ ਹੋਏ ਸਨ ਅਤੇ ਹੋਰ ਪਹੁੰਚ ਰਹੇ ਸਨ। ਇਸ ਟੂਰ ਗਰੁੱਪ ਦੇ ਮੈਂਬਰਾਂ ਨੇ ਕਾਫੀ ਸਮਾਂ ਬੀਚ ਤੇ ਸੈਰ ਕਰ ਕੇ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਾਣਿਆ। ਲੰਬੇ ਸਮੇਂ ਬਾਦ ਘਰੋਂ ਨਿਕਲਣ ਕਾਰਣ ਸਾਰੇ ਬਹੁਤ ਪ੍ਰਸੰਨ ਸਨ। ਤਰ੍ਹਾਂ ਤਰ੍ਹਾਂ ਦੇ ਲੋਕਾਂ ਨਾਲ ਬੀਚ ਤੇ ਮਲਟੀਕਲਚਰਲ ਕਨੇਡਾ ਦਾ ਦ੍ਰਿਸ਼ ਸਾਫ ਦਿਖਾਈ ਦੇ ਰਿਹਾ ਸੀ।

ਬੀਚ ਤੇ ਸੈਰ ਤੋਂ ਬਾਦ 3:30 ਤੇ ਪਾਰਕ ਵਿੱਚ ਇਕੱਠੇ ਹੋ ਕੇ ਖਾਣ ਪੀਣ ਕੀਤਾ ਗਿਆ ਜਿਸ ਦਾ ਪਰਬੰਧ ਪਰਮਜੀਤ ਬੜਿੰਗ ਨੇ ਨਿਜੀ ਤੌਰ ਤੇ ਕੀਤਾ ਸੀ।ਇੱਥੇ ਸਟੇਜ ਲਾਈ ਗਈ। ਸਟੇਜ ਦਾ ਸੰਚਾਲਨ ਪ੍ਰੀਤਮ ਸਿੰਘ ਸਰਾਂ ਪਰਧਾਨ ਜੇਮਜ. ਪੌਟਰ ਕਲੱਬ ਅਤੇ ਦੇਵ ਸੂਦ ਐਗਜੈਕਟਿਵ ਕਮੇਟੀ ਮੈਂਬਰ ਸੀਨੀਅਰਜ਼ ਐਸੋਸੀਏਸ਼ਨ ਨੇ ਕੀਤਾ। ਇਸ ਸਮੇਂ ਸਾਰੇ ਮੈਂਬਰਾਂ ਨੇ ਆਪਣੇ ਜਿੰਦਗੀ ਦੇ ਕੌੜੇ ਮਿੱਠੇ ਤਜਰਬੇ ਸਾਂਝੈ ਕੀਤੇ।ਇਹਨਾਂ ਵਿੱਚ ਬਲਵਿੰਦਰ ਬਰਾੜ ਐਗਜੈਕਟਿਵ ਕਮਟੀ ਮੈਂਬਰ ਐਸੋਸੀਏਸ਼ਨ, ਮਾਸਟਰ ਕੁਲਵੰਤ ਸਿੰਘ, ਬਲਦੇਵ ਸਿੰਘ ਲਾਲੀ ਸਾਬਕਾ ਬੀ ਡੀ ਓ, ਗੁਰਨਾਮ ਸਿੰਘ ਗਰਚਾ, ਗੁਰਚਰਨ ਸਿੰਘ ਕੰਗ ਸਾਬਕਾ ਸਰਪੰਚ,, ਸੁਖਦੇਵ ਸਿੰਘ, ਗੁਰਬਖਸ਼ ਗਿੱਲ, ਸਫਲ ਕਿਸਾਨ ਭੋਲਾ ਸਿੰਘ ਸੰਘੇੜਾ, ਜਰਨੈਲ ਸਿੰਘ, ਨਾਜਰ ਸਿੰਘ, ਬੈਨੀਪਾਲ, ਸੁਖਦੇਵ ਸਿੰਘ ਪਰਧਾਨ ਪਾਨਾਹਿਲ ਕਲੱਬ, ਜਗਦੇਵ ਰਾਣਾ, ਦਰਸ਼ਨ ਸਰੋਆ ਅਤੇ ਮਨੋਹਰ ਲਾਂਬੜਾ ਆਦਿ ਨੇ ਆਪਣੇ ਵਿਚਾਰ ਸਾਂਝੇ ਕੀਤੇ। ਸਾਰੀ ਗੱਲਬਾਤ ਦਾ ਤੱਤਸਾਰ ਸੀ ਕਿ ਬਜੁਰਗਾਂ ਨੂੰ ਆਪਣੇ ਬੱਚਿਆਂ ਦੀ ਸਹੀ ਤਰੀਕੇ ਨਾਲ ਮੱਦਦ ਕਰਨੀ ਚਾਹੀਦੀ ਹੈ। ਪਰ ਉਹਨਾਂ ਲਈ ਜਰੂਰੀ ਹੈ ਕਿ ਆਪਣੀ ਜਿੰਦਗੀ ਚੰਗੇ ਢੰਗ ਨਾਲ ਬਿਤਾਉਣ ਲਈ ਆਪਣੇ ਹੱਥ ਵਿੱਚ ਲੋੜ ਜੋਗਾ ਜਰੂਰ ਰੱਖਣਾ ਚਾਹੀਦਾ ਹੈ।

ਗੱਲ ਬਾਤ ਦੇ ਦੌਰ ਦੇ ਅੰਤ ਤੇ ਪਰਮਜੀਤ ਨੇ ਸਟੇਜ ਸਮਾਗਮ ਨੂੰ ਸਮੇਟਦੇ ਹੋਏ ਕਿਹਾ ਕਿ ਸਾਨੂੰ ਭਾਰਤ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਦੀ ਹਰ ਪੱਖੋਂ ਮਦਦ ਕਰਨੀ ਚਾਹੀਦੀ ਹੈ। ਉਸ ਨੇ ਕਿਹਾ ਕਿ ਕਈ ਲੋਕ ਕਿਸਾਨ ਸੰਘਰਸ਼ ਬਾਰੇ ਪੁਛਦੇ ਤਾਂ ਰਹਿੰਦੇ ਹਨ ਪਰ ਮੱਦਦ ਕਰਨ ਤੋਂ ਸੰਕੋਚ ਕਰ ਜਾਂਦੇ ਹਨ। ਉਸ ਨੇ ਖੂਨ ਦਾਨ, ਅੰਗ ਦਾਨ ਅਤੇ ਸਰੀਰ ਦਾਨ ਕਰਨ ਲਈ ਪਰੇਰਨਾ ਦਿੱਤੀ। ਉਸ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਸਰੀਰਕ ਸਿਹਤ ਮਾਨਸਿਕ ਸਿਹਤ ਨਾਲ ਜੁੜੀ ਹੋਈ ਹੈ। ਉਸ ਨੇ ਆਪਣੀ ਉਦਾਹਰਨ ਦਿੰਦੇ ਹੋਏ ਕਿਹਾ ਕਿ ਉਹ 2005 ਤੋਂ ਦਵਾਈ ਖਾ ਰਿਹਾ ਸੀ। ਸਮਾਜਿਕ ਕੰਮਾਂ ਵਿੱਚ ਸਰਗਰਮੀ ਵਧਣ ਕਾਰਨ ਦਵਾਈ ਦੀ ਹੁਣ ਲੋੜ ਨਹੀਂ । ਡਾਕਟਰਾਂ ਨੇ ਚੈਕ ਕਰਕੇ ਅੱਗੇ ਤੋਂ ਦਵਾਈ ਨਾ ਖਾਣ ਦੀ ਸਲਾਹ ਦਿੱਤੀ ਹੈ, ਉਸ ਨੇ ਆਪਣੇ ਪਿੰਡ ਦੇ " ਪਿੰਡ ਸੁਧਾਰ ਸਭਾਂ ਸੰਘੇੜਾ" ਅਤੇ " ਜਗਤ ਤਮਾਸ਼ਾ_ਸੱਚੋ ਸੱਚ " ਵੱਟਸ ਅੱਪ ਗਰੁਪਾਂ ਨਾਲ ਜੁੜਨ ਲਈ ਬੇਨਤੀ ਕੀਤੀ। ਰੈਂਡ ਵਿੱਲੋ ਕਲੱਬ ਦੇ ਟੂਰ ਵਿੱਚ ਆਏ ਮੈਂਬਰਾਂ ਨੂੰ ਮੈਂਬਰਸ਼ਿੱਪ ਵਧਾਉਣ ਦੀ ਸਲਾਹ ਦਿੱਤੀ।

ਸਾਮ 6:00ਕੁ ਵਜੇ ਇਸ ਟਰੌਪ ਦਾ ਆਨੰਦ ਮਾਣਦੇ ਹੋਏ ਘਰਾਂ ਨੂੰ ਚਾਲੇ ਪਾ ਦਿੱਤੇ। ਰਾਸਤੇ ਵਿੱਚ ਆਪਣੀਆਂ ਨਿਜੀ ਗੱਲਾਂ ਬਾਤਾਂ ਕਰਦੇ ਹੋਏ ਟੂਰ ਦੀਆਂ ਸੁਹਾਵਣੀਆਂ ਯਾਦਾਂ ਲੈ ਕੇ ਘਰਾਂ ਨੂੰ ਪਰਤ ਗਏ।

# ਕੈਪਟਨ ਅਮਰਿੰਦਰ ਵੱਲੋਂ ਅਮਿਤ ਸ਼ਾਹ ਤੋਂ ਅੱਤਵਾਦ ਦਾ ਟਾਕਰਾ ਕਰਨ ਲਈ ਹੋਰ ਫੋਰਸਾਂ ਦੀ ਮੰਗ



ਨਵੀਂ ਦਿੱਲੀ, 10 ਅਗਸਤ, (ਪੋਸਟ ਬਿਊਰੋ)- ਸਰਹੱਦ ਪਾਰ ਤੋਂ ਰਾਜ ਦੀ ਸੁਰੱਖਿਆ ਨੂੰ ਖਤਰਾ ਵਧਦਾ ਦੇਖ ਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਮੰਗਲਵਾਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲੋਂ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਅੱਤਵਾਦੀਆਂ ਦਾ ਟਾਕਰਾ ਕਰਨ ਲਈ ਕੇਂਦਰੀ ਹਥਿਆਰਬੰਦ ਫੋਰਸਾਂ ਦੀਆਂ 25 ਕੰਪਨੀਆਂ ਅਤੇ ਬੀ ਐਸ ਐਫ ਲਈ ਡਰੋਨ ਨੂੰ ਨਸ਼ਟ ਕਰਨ ਵਾਲੇ ਜੰਤਰਾਂ ਦੀ ਤੁਰੰਤ ਸਪਲਾਈ ਦੀ ਮੰਗ ਕੀਤੀ ਹੈ।


ਆਜ਼ਾਦੀ ਦਿਵਸ ਤੋਂ ਪਹਿਲਾਂ ਤੇ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਕਾਰਨ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਦੀਆਂ ਵਧਦੀਆਂ ਸਰਗਰਮੀਆਂ ਤੇ ਪੰਜਾਬ ਵਿੱਚ ਬੀਤੇ ਦਿਨਾਂ ਵਿੱਚ ਹਥਿਆਰਾਂ ਅਤੇ ਆਈ ਈ ਡੀਜ਼ ਦੀ ਵੱਡੀ ਪੱਧਰ ਉੱਤੇ ਘੁਸਪੈਠ ਬਾਰੇ ਦੱਸ ਕੇ ਮੁੱਖ ਮੰਤਰੀ ਨੇ ਅੱਜ ਅਮਿਤ ਸ਼ਾਹ ਨੂੰ ਦੱਸਿਆ ਕਿ ਸੁਰੱਖਿਆ ਦੀ ਸਥਿਤੀ ਭਿਆਨਕ ਹੋਣ ਕਾਰਨ ਕੇਂਦਰ ਦੇ ਤੁਰੰਤ ਦਖਲ ਦੀ ਲੋੜ ਹੈ। ਕੈਪਟਨ ਅਮਰਿੰਦਰ ਸਿੰਘ ਨੇ ਗ੍ਰਹਿ ਮੰਤਰੀ ਤੋਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਮੁਹਾਲੀ, ਪਟਿਆਲਾ, ਬਠਿੰਡਾ, ਫਗਵਾੜਾ ਤੇ ਮੋਗਾ ਲਈ ਕੇਂਦਰੀ ਫੋਰਸਾਂ ਦੀ ਮੰਗ ਕਰਨ ਦੇ ਨਾਲ ਸਰਹੱਦ ਉੱਤੇ ਬੀ ਐਸ ਐਫ ਲਈ ਡਰੋਨ ਨਸ਼ਟ ਕਰਨ ਵਾਲੇ ਜੰਤਰ ਵੀ ਮੰਗੇ ਹਨ।ਕੇਂਦਰੀ ਅਤੇ ਰਾਜ ਦੀਆਂ ਏਜੰਸੀਆਂਤੋਂ ਮਿਲੇ ਵੇਰਵਿਆਂ ਅਤੇ ਗ੍ਰਿਫਤਾਰ ਕੀਤੇ ਲੋਕਾਂਤੋਂ ਮਿਲੀ ਸੂਚਨਾ ਬਾਰੇ ਦੱਸ ਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਰੇਲਾਂ, ਬੱਸਾਂ ਤੇ ਹਿੰਦੂ ਮੰਦਰਾਂ, ਪ੍ਰਮੁੱਖ ਕਿਸਾਨ ਆਗੂਆਂ (ਅਜਿਹੇ ਪੰਜ ਕਿਸਾਨ ਆਗੂਆਂ ਬਾਰੇ ਠੋਸ ਜਾਣਕਾਰੀ ਮਿਲੀ ਸੀ, ਜਿਨ੍ਹਾਂ ਨੇ ਪੰਜਾਬ ਤੇ ਹਰਿਆਣਾ ਪੁਲਿਸ ਵੱਲੋਂ ਸੁਰੱਖਿਆ ਦੀ ਪੇਸ਼ਕਸ਼ ਠੁਕਰਾ ਦਿੱਤੀ ਹੈ), ਪੰਜਾਬ ਨਾਲ ਸਬੰਧਤ ਆਰ ਐਸ ਐਸ ਸ਼ਾਖਾਵਾਂ/ ਦਫਤਰਾਂ, ਆਰ ਐਸ ਐਸ /ਭਾਜਪਾ/ਸ਼ਿਵ ਸੈਨਾਦੇ ਆਗੂਆਂ, ਡੇਰਿਆਂ, ਨਿਰੰਕਾਰੀ ਭਵਨਾਂ ਅਤੇ ਸਮਾਗਮਾਂ ਸਣੇ ਵਿਅਕਤੀਆਂ ਤੇ ਇਕੱਠਾਂ ਉਤੇ ਸੰਭਾਵਿਤ ਖਤਰਾ ਹੈ। ਉਨ੍ਹਾ ਅਮਿਤ ਸ਼ਾਹ ਨੂੰ ਦੱਸਿਆ ਕਿ 4 ਜੁਲਾਈ ਤੋਂ 8 ਅਗਸਤ 2021 ਦੌਰਾਨ ਵਿਦੇਸ਼ ਵਿਚਲੀਆਂ ਖਾਲਿਸਤਾਨ ਪੱਖੀ ਸੰਸਥਾਵਾਂ, ਜੋ ਆਈ ਐਸ ਆਈ ਨਾਲ ਤਾਲਮੇਲ ਕਰ ਕੇ ਕੰਮ ਕਰਦੀਆਂ ਸਨ, ਦੇ ਬਹੁਤ ਸਾਰੇ ਹਥਿਆਰ ਫੜੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਭਾਰਤ-ਪਾਕਿ ਸਰਹੱਦ ਉਤੇ ਕੰਡਿਆਲੀ ਤਾਰ ਆਈ ਐਸ ਆਈ ਤੇ ਖਾਲਿਸਤਾਨੀ ਸੰਗਠਨਾਂ ਦੀ ਵੱਡੀ ਸਮਰੱਥਾ ਅਤੇ ਮੁਹਾਰਤ ਅੱਗੇ ਪ੍ਰਭਾਵਹੀਣ ਹੋ ਜਾਣ ਕਾਰਨ ਉਹ ਪੰਜਾਬ ਅੰਦਰ ਡਰੋਨ ਰਾਹੀਂ ਗਤੀਵਿਧੀਆਂ ਲਈ ਸਮਾਨ ਅਤੇ ਨਸ਼ੇ ਭੇਜ ਸਕਦੇ ਹਨ।

# 'ਵਰਚੂਅਲ ਇਨਸਪੀਰੇਸ਼ਨਲ ਸਟੈੱਪਸ 2021' ਲਈ ਦੌੜਾਕਾਂ ਤੇ ਵੱਕਰਾਂ ਨੇ ਵਿਖਾਇਆ ਭਾਰੀ ਉਤਸ਼ਾਹ

## ਮੈਰਾਥਨ ਦੌੜਾਕ ਸੰਜੂ ਗੁਪਤਾ, ਸੀਨੀਅਰ ਦੌੜਾਕ ਤੇ ਵੱਕਰ ਈਸ਼ਰ ਸਿੰਘ, ਸੁਖਦੇਵ ਸਿੰਘ ਝੰਡ, ਰਜਿੰਦਰ ਸਿੰਘ ਭਿੰਡਰ ਤੇ ਕਈ ਹੋਰਨਾਂ ਨੇ ਲਿਆ ਹਿੱਸਾ

ਬਰੈਂਪਟਨ, (ਡਾ. ਝੰਡ) -ਪਿਛਲੇ ਸਾਲ ਤੋਂ ਮਹਾਂਮਾਰੀ ਕਰੋਨਾ ਦੇ ਚੱਲ ਰਹੇ ਪ੍ਰਕੋਪ ਕਾਰਨ ਹੋਰਨਾਂ ਈਵੈਂਟਸ ਵਾਂਗ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ 2020 ਅਤੇ ਇਸ ਸਾਲ 2021 ਵਿਚ ਵੀ ਮਈ ਮਹੀਨੇ ਵਿਚ 'ਇਨਸਪੀਰੇਸ਼ਨਲ ਸਟੈੱਪਸ' ਮੈਰਾਥਨ ਦਾ ਆਯੋਜਨ ਵੀ ਨਹੀਂ ਹੋ ਸਕਿਆ। ਫ਼ੈਂਡਰੇਸ਼ਨ ਦੇ ਪ੍ਰਬੰਧਕਾਂ ਵੱਲੋਂ ਆਪਣੇ ਮੈਂਬਰਾਂ ਅਤੇ ਸ਼ੁਭ-ਚਿੰਤਕਾਂ ਨੂੰ ਜੁਲਾਈ ਮਹੀਨੇ ਦੌਰਾਨ ਇਹ ਮੈਰਾਥਨ ਦੌੜ ਆਪਣੇ ਪੱਧਰ 'ਤੇ ਵਰਚੂਅਲ ਰੂਪ ਵਿਚ ਕਰਨ ਲਈ ਕਿਹਾ ਗਿਆ ਸੀ ਜਿਸ ਨੂੰ ਮੁੱਖ ਰੱਖਦਿਆਂ ਹੋਇਆਂ ਉਨ੍ਹਾਂ ਨੇ ਆਪਣੇ ਘਰਾਂ ਦੇ ਨੇੜੇ ਪੈਂਦੇ ਪਾਰਕਾਂ ਅਤੇ ਵਾਕ-ਵੇਜ਼ ਵਿਚ ਦੌੜ ਕੇ ਇਸ ਵਰਚੂਅਲ ਈਵੈਂਟ ਵਿਚ ਭਰਵਾਂ ਯੋਗਦਾਨ ਪਾਇਆ।

ਰੋਜ਼ਾਨਾ ਕੁਝ ਕਿਲੋਮੀਟਰ ਦੌੜ ਕੇ ਜਾਂ ਪੈਦਲ ਚੱਲ ਕੇ ਕਈਆਂ ਨੇ ਇਸ ਮਹੀਨੇ ਕਈ ਕਈ ਮੈਰਾਥਨਾਂ ਦਾ ਸਫ਼ਰ ਤੈਅ ਕਰ ਲਿਆ। ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੇ ਮੁੱਖ-ਪ੍ਰਬੰਧਕ ਪਰਮਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਇਨ੍ਹਾਂ ਦੇ ਵੇਰਵੇ ਪ੍ਰਬੰਧਕਾਂ ਕੋਲ ਈ-ਮੇਲਜ਼ ਰਾਹੀਂ ਪਹੁੰਚ ਰਹੇ ਹਨ। ਆਉਂਦੇ ਦਿਨਾਂ ਵਿਚ ਜਿਉਂ ਹੀ ਇਨ੍ਹਾਂ ਦੇ ਸਾਰੇ ਵੇਰਵੇ ਉਨ੍ਹਾਂ ਨੂੰ ਪ੍ਰਾਪਤ ਹੋ ਜਾਣਗੇ, ਉਹ ਆਮ ਲੋਕਾਂ ਦੀ ਜਾਣਕਾਰੀ ਲਈ ਇਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਦੀ ਵੈੱਬਸਾਈਟ ਉੱਪਰ ਪਾ ਦੇਣਗੇ। ਇਸ ਨਾਲ ਹੋਰ ਵੀ ਕਈਆਂ ਨੂੰ ਉਤਸ਼ਾਹ ਮਿਲੇਗਾ ਅਤੇ ਉਹ ਅਗਲੇ ਸਾਲ 2022 ਦੇ ਮਈ ਮਹੀਨੇ ਹੋਣ ਵਾਲੀ 'ਇਨਸਪੀਰੇਸ਼ਨਲ ਸਟੈੱਪਸ ਲਈ ਆਪਣੇ ਆਪ ਨੂੰ ਤਿਆਰ ਕਰ ਸਕਣਗੇ। ਇਸ ਦੌਰਾਨ ਪਤਾ ਲੱਗਾ ਹੈ ਕਿ ਮੈਰਾਥਨ ਦੌੜਾਕ ਸੰਜੂ ਗੁਪਤਾ ਨੇ ਜੁਲਾਈ ਮਹੀਨੇ ਦੌਰਾਨ 12 ਹਾਫ਼-ਮੈਰਾਥਨ ਦੌੜਾਂ ਲਗਾਈਆਂ ਅਤੇ ਉਹ ਇਨ੍ਹਾਂ ਲਈ ਔਸਤਨ ਸਵਾ ਕੁ ਤਿੰਨ ਘੰਟੇ ਦਾ ਸਮਾਂ ਲਗਾਉਂਦਾ ਸੀ। ਟੀਪੀਏਆਰ ਕਲੱਬ ਦੇ ਸੱਭ ਤੋਂ ਸੀਨੀਅਰ ਦੌੜਾਕ 77 ਸਾਲਾ ਇੰਜ. ਈਸ਼ਰ ਸਿੰਘ ਨੇ ਇਸ ਮਹੀਨੇ 256 ਕਿਲੋਮੀਟਰ ਪੈਂਡਾ ਤੈਅ ਕੀਤਾ ਅਤੇ ਉਨ੍ਹਾਂ ਦੇ ਨਜ਼ਦੀਕੀ ਸਾਥੀ ਰਜਿੰਦਰ ਸਿੰਘ ਭਿੰਡਰ 308 ਕਿਲੋਮੀਟਰ ਪੈਦਲ ਚੱਲ ਕੇ ਉਨ੍ਹਾਂ ਨਾਲੋਂ ਵੀ ਅੱਗੇ ਰਹੇ। ਇਨ੍ਹਾਂ ਸਤਰਾਂ ਦੇ ਲੇਖਕ ਸੁਖਦੇਵ ਸਿੰਘ ਝੰਡ ਨੇ ਇਸ ਮਹੀਨੇ ਦੌਰਾਨ 28 ਦਿਨ ਸਵੇਰੇ 7-8 ਕਿਲੋਮੀਟਰ ਰੋਜ਼ਾਨਾ ਪੈਦਲ ਚੱਲ ਕੇ 226 ਕਿਲੋਮੀਟਰ ਦਾ ਪੰਧ ਪੂਰਾ ਕੀਤਾ ਜੋ ਪੰਜ ਮੈਰਾਥਨਾਂ ਤੋਂ ਵਧੇਰੇ ਬਣਦਾ ਹੈ। ਪ੍ਰਬੰਧਕਾਂ ਵੱਲੋਂ ਇਸ ਵਰਚੂਅਲ ਮੈਰਾਥਨ ਦੇ ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ।











# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224


# ਮੁਸਲਿਮ ਵਿਰੋਧੀ ਭਾਸ਼ਣ ਬਦਲੇ ਭਾਜਪਾ ਨੇਤਾ ਅਸ਼ਵਿਨੀ ਉਪਾਧਿਆਏ ਸਮੇਤ 6 ਜਣੇ ਗ੍ਰਿਫਤਾਰ



ਨਵੀਂ ਦਿੱਲੀ, 10 ਅਗਸਤ, (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਦੇ ਜੰਤਰ-ਮੰਤਰਵਿੱਖੇ ਬੀਤੇ ਦਿਨੀਂ ਭਾਰਤ ਛੱਡੋ ਅੰਦੋਲਨ ਦੀ ਵਰ੍ਹੇਗੰਢਦੇ ਪ੍ਰੋਗਰਾਮ ਪਿੱਛੋਂ ਦੋਸ਼ ਲੱਗੇ ਸਨ ਕਿ ਓਥੇ ਵਿਵਾਦਪੂਰਨ ਨਾਅਰੇ ਲਾਏ ਗਏ ਅਤੇ ਭੜਕਾਊ ਭਾਸ਼ਣ ਦਿੱਤੇ ਗਏ ਸਨ। ਇਸਸਮਾਗਮ ਦੇ ਆਯੋਜਕ ਅਸ਼ਵਿਨੀ ਉਪਾਧਿਆਏ ਸਣੇ 6 ਜਣਿਆਂ ਨੂੰ ਅੱਜ ਦਿੱਲੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ।ਡਿਪਟੀ ਕਮਿਸ਼ਨਰ ਪੁਲਸ (ਡੀਸੀਪੀ) ਦੀਪਕ ਯਾਦਵ ਦੇ ਅਨੁਸਾਰ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਅਸ਼ਵਨੀ ਉਪਾਧਿਆਏ ਸਮੇਤ 5 ਲੋਕਾਂ ਤੋਂ ਦਿੱਲੀ ਪੁਲਿਸਪੁੱਛਗਿੱਛ ਕਰ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਭਾਜਪਾ ਨੇਤਾ ਅਸ਼ਵਿਨੀ ਉਪਾਧਿਆਏ ਤੋਂ ਬਿਨਾ ਮੁਸਲਿਮ ਵਿਰੋਧੀ ਭਾਸ਼ਣ ਕੇਸ ਵਿੱਚਫੜੇ ਗਏ 5 ਹੋਰ ਲੋਕਾਂ ਵਿੱਚ ਦੀਪਕ ਸਿੰਘ, ਵਿਨੋਦ ਸ਼ਰਮਾ, ਦੀਪਕ, ਵਿਨੀਤ ਕ੍ਰਾਂਤੀ ਤੇ ਪ੍ਰੀਤ ਸਿੰਘ ਸ਼ਾਮਲ ਹਨ। ਇਸਬਾਰੇ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਾਨਤੁੱਲਾ ਖਾਨ ਨੇ ਸੋਮਵਾਰ ਨੂੰ ਅਸ਼ਵਨੀ ਉਪਾਧਿਆਏ ਵਿਰੁੱਧ ਸ਼ਿਕਾਇਤ ਕੀਤੀ ਸੀ। ਅਸ਼ਵਿਨੀ ਉਪਾਧਿਆਏ ਅੱਜ ਕਨਾਟ ਪਲੇਸ ਥਾਣੇ ਪੁੱਜੇਤੇ ਕਿਹਾ ਕਿ ਮੈਂ ਉਨ੍ਹਾਂ ਲੋਕਾਂ ਨੂੰ ਨਹੀਂ ਜਾਣਦਾ, ਜਿਨ੍ਹਾਂ ਨੇ ਨਾਅਰੇ ਲਾਏ ਸਨ, ਇਸ ਵੀਡੀਓ ਦੀ ਜਾਂਚ ਹੋਣੀ ਚਾਹੀਦੀ ਹੈ ਅਤੇ ਜੇ ਸਹੀ ਪਾਇਆ ਗਿਆ ਤਾਂ ਦੋਸ਼ੀਆਂ ਦੇ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ।ਇਸ ਕੇਸ ਵਿੱਚ ਅਸ਼ਵਿਨੀ ਉਪਾਧਿਆਏ ਨੂੰ ਸੋਮਵਾਰ ਸ਼ਾਮ ਕਨਾਟ ਪੈਲੇਸ ਥਾਣੇ ਸੱਦਿਆ ਗਿਆ ਸੀ ਤੇਦਿੱਲੀ ਪੁਲਿਸ ਉਸ ਦਿਨ ਤੋਂ ਅਸ਼ਵਨੀ ਅਤੇ ਹੋਰਨਾਂ ਦੀ ਗ੍ਰਿਫਤਾਰੀ ਲਈ ਛਾਪੇਮਾਰ ਰਹੀ ਸੀ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਾਨਤਉੱਲਾ ਖਾਨ ਵੱਲੋਂ ਪੁਲਿਸ ਨੂੰ ਸ਼ਿਕਾਇਤ ਕੀਤੇ ਜਾਣ ਉੱਤੇ ਅਸ਼ਵਿਨੀ ਉਪਾਧਿਆਏ ਦੇ ਖਿਲਾਫ ਟਵੀਟ ਵੀ ਕੀਤਾ ਸੀ ਕਿ ਦੇਸ਼ ਦੀ ਰਾਜਧਾਨੀ ਦਿੱਲੀ ਦੇ ਇੱਕ ਹਿੱਸੇ ਧਮਕੀਆਂ ਦੇਣ ਵਾਲੇ ਗੁਰਗਿਆਂ ਦੇ ਖਿਲਾਫ ਪੁਲਿਸ ਕਮਿਸ਼ਨਰ ਨੂੰ ਲਿਖਤੀ ਸ਼ਿਕਾਇਤ ਦੇ ਨਾਲ ਐਨਐਸਏ (ਨੈਸ਼ਨਲ ਸਕਿਓਰਟੀ ਐਡਵਾਈਜ਼ਰ) ਅਤੇ ਅੱਤਵਾਦ ਵਿਰੋਧੀ ਯੂ ਏ ਪੀਏ ਕਾਨੂੰਨ ਹੇਠ ਸਖਤ ਕਾਰਵਾਈ ਦੀ ਮੰਗ ਕੀਤੀ ਸੀ।ਦੂਸਰੇ ਪਾਸੇ ਅਸ਼ਵਨੀ ਉਪਾਧਿਆਏ ਨੇ ਪੁਲਿਸ ਕਮਿਸ਼ਨਰ ਨੂੰ ਪੱਤਰ ਲਿਖ ਕੇ ਸਫਾਈਦਿੱਤੀ ਸੀ ਕਿ '15 ਅਗਸਤ ਵਾਂਗ 8 ਅਗਸਤ ਵੀ ਇਤਿਹਾਸਕ ਦਿਨ ਹੈ, ਜਦੋਂ ਭਾਰਤ ਛੱਡੋ ਅੰਦੋਲਨ 8 ਅਗਸਤ 1942 ਨੂੰ ਸ਼ੁਰੂ ਹੋਇਆ ਸੀ। ਇਸ ਦਿਨ ਦੀ ਯਾਦ ਲਈ ਸੇਵ ਇੰਡੀਆ ਫਾਊਂਡੇਸ਼ਨਨੇ 8 ਅਗਸਤ ਨੂੰ ਜੰਤਰ-ਮੰਤਰ ਵਿਖੇ ਛੋਟਾ ਜਿਹਾ ਪ੍ਰੋਗਰਾਮ ਕੀਤਾ ਸੀ। ਪ੍ਰੀਤ ਸਿੰਘ ਸੰਸਥਾ ਦੇ ਪ੍ਰਧਾਨ ਤੇ ਅਰਵਿੰਦ ਤਿਆਗੀ ਇਸ ਦੇ ਜਨਰਲ ਸੈਕਟਰੀ ਹਨ। ਮੈਂ ਸੰਸਥਾ ਦਾ ਆਗੂ ਨਹੀਂ। ਇਹ ਕੋਈ ਰਾਜਨੀਤਕ, ਸਮਾਜਿਕ ਜਾਂ ਧਾਰਮਿਕ ਸਮਾਗਮ ਨਹੀਂ, ਸਗੋਂ 15 ਅਗਸਤ ਵਰਗੇ ਇਤਿਹਾਸਕ ਭਾਰਤ ਛੱਡੋ ਅੰਦੋਲਨ ਨੂੰ ਯਾਦ ਕਰਨ ਲਈ ਕੀਤਾ ਤੇ ਸਰਕਾਰ ਤੋਂ ਮੰਗ ਕੀਤੀ ਗਈ ਸੀ ਕਿ ਆਜ਼ਾਦੀ ਦੀ 75ਵੀਂ ਵਰ੍ਹੇਗੰਢ (15 ਅਗਸਤ 2022) ਤੋਂ ਪਹਿਲਾਂ ਸਾਰੇ ਅੰਗਰੇਜ਼ੀ ਕਾਨੂੰਨ ਖਤਮ ਕਰਕੇ ਨਵਾਂ ਕਾਨੂੰਨ ਬਣਾਇਆ ਜਾਵੇ।ਇਸ ਦਿਨ ਆਰਵੀਐਸ ਮਨੀ, ਫਿਰੋਜ਼ ਬਖਤ ਅਹਿਮਦ, ਲੈਫਟੀਨੈਂਟ ਜਨਰਲ ਵਿਸ਼ਨੂੰ ਕਾਂਤ ਚਤੁਰਵੇਦੀ, ਗਜੇਂਦਰ ਚੌਹਾਨ ਤੇ ਮੈਂ ਸਵੇਰੇ 11 ਵਜੇ ਸਟੇਜ ਉੱਤੇ ਪਹੁੰਚੇ ਅਤੇ ਪ੍ਰੋਗਰਾਮ 12 ਵਜੇ ਖਤਮ ਹੋਇਆ ਸੀ, ਕਿਉਂਕਿ ਭੀੜ ਵਧ ਗਈ ਤੇ ਅਸੀਂ ਸਾਰੇ ਚਲੇ ਗਏ। ਸੀ।' ਉਸ ਨੇ ਲਿਖਿਆ ਸੀ ਕਿ 'ਸੋਸ਼ਲ ਮੀਡੀਆ ਵਿੱਚ ਵਾਇਰਲ ਇੱਕ ਵੀਡੀਓ ਵਿੱਚਇੱਕਆਦਮੀ ਭੜਕਾਊ ਭਾਸ਼ਣ ਕਰ ਰਿਹਾ ਹੈ। ਕੁਝ ਲੋਕ ਮੈਨੂੰ ਬਦਨਾਮ ਕਰਨ ਲਈ ਮੇਰਾ ਨਾਮ ਲੈ ਕੇ ਟਵਿੱਟਰ, ਫੇਸਬੁੱਕ ਤੇ ਵਟਸਐਪ ਉੱਤੇ ਇਹ ਵੀਡੀਓ ਸ਼ੇਅਰ ਕਰ ਰਹੇ ਹਨ, ਜਦੋਂ ਕਿ ਵੀਡੀਓ ਵਿੱਚ ਵੇਖੇ ਗਏ ਲੋਕਾਂ ਨੂੰ ਨਾ ਮੈਂ ਜਾਣਦਾ ਅਤੇ ਨਾ ਉਨ੍ਹਾਂ ਵਿੱਚੋਂ ਕਿਸੇ ਨੂੰ ਨਾ ਮਿਲਿਆ ਹਾਂ ਅਤੇ ਨਾ ਉਨ੍ਹਾਂ ਨੂੰ ਬੁਲ-ਾਇਆ ਸੀ। ਮੈਂ ਬੇਨਤੀ ਕਰਦਾ ਹਾਂ ਕਿ ਵੀਡੀਓ ਦੀ ਸੱਚਾਈ ਦੇ ਨਾਲ ਇਸ ਦੇ ਬਣਾਉਣ ਦੇ ਸਮੇਂ ਅਤੇ ਸਥਾਨ ਦੀ ਜਾਂਚ ਕਰਨ ਲਈ ਨਿਰਦੇਸ਼ ਦਿਓ। ਜੇ ਇਹ ਵੀਡੀਓ ਸੱਚ ਹੈ ਤਾਂ ਇਸ ਵਿੱਚ ਸ਼ਾਮਲ ਲੋਕਾਂ ਖਿਲਾਫ ਸਖਤ ਕਾਰਵਾਈ ਕਰੋ ਤੇ ਜੇ ਗਲਤ ਹੈ ਤਾਂ ਸੋਸ਼ਲ ਮੀਡੀਆ ਉੱਤੇ ਇਸ ਨੂੰ ਸ਼ੇਅਰ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕਰੋ।'ਉਸ ਨੇ ਫੌਜਦਾਰੀ ਮਾਣਹਾਨੀ ਦਾ ਕੇਸ ਦਾਇਰ ਕਰਨ ਦੀ ਮੰਗ ਵੀ ਕੀਤੀ ਸੀ।


# ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ। ਸੰਪਰਕ: ਅਜੈਬ ਸਹੋਤਾ

4165618882, 4164544587

# ਮਹਿੰਗਾਈ ਵਧੇਗੀ ਜਿਉਣਾ ਮਹਿੰਗਾ ਹੋਵੇਗਾ ਬਸ ਆਮਦਨ ਵਧਾਉਣੀ ਪਵੇਗੀ

ਦਲੀਪ ਸਿੰਘ ਵਾਸਨ, ਐਡਵੋਕੇਟ

ਅੱਤੇ ਅੱਜ ਕੋਈ ਇਹ ਆਖੇ ਕਿ ਵਕਤ ਦੀਆਂ ਸਰਕਾਰਾਂ ਮਹਿੰਗਾਈ ਰੋਕ ਸਕਦੀਆਂ ਹਨ ਤਾਂ ਇਹ ਗੱਲ ਵੀ ਅਜੀਬ ਜਿਹੀ ਲਗਦੀ ਹੈ। ਅਜ ਤਾਂ ਜਿਉਣਾਂ ਵੀ ਬਹੁਤ ਮਹਿੰਗਾ ਹੋ ਗਿਆ ਹੈ। ਕਦੀ ਇਹ ਗੱਲਾਂ ਤੁਰੀਆਂ ਸਨ ਕਿ ਜੀਵਨ ਜਿਉਣ ਲਈ ਰੋਟੀ, ਕਪੜਾ ਅਤੇ ਮਕਾਨ ਹੀ ਚਾਹੀਦੇ ਹਨ, ਪਰ ਅਜ ਸਾਧਾਰਣ ਤੋਰ ਤੇ ਹੀ ਇਹ ਪੰਜ ਗਲਾਂ ਹਨ ਜਿਹੜੀਆਂ ਪੂਰੀਆਂ ਕਰਨੀਆਂ ਪੈਂਦੀਆਂ ਹਨ। ਹਰ ਆਦਮੀ ਦੀ ਸਿਹਤ ਸਹੀ ਰਖਣ ਲਈ ਸਹੀ ਖੁਰਾਕ, ਸਹੀ ਵਾਤਾਵਰਣ, ਆਰਾਮ ਕਰਨ ਦੇ ਸਾਧਨ ਅਤੇ ਬਿਮਾਰੀ ਦੀ ਹਾਲਤ ਵਿੱਚ ਇਲਾਜ ਚਾਹੀਦਾ ਹੈ। ਅਜ ਇਹ ਪਹਿਲੀ ਲੋੜ ਹੈ ਕਿ ਵਾਜਬ ਜਿਹੀ ਸਿਹਤ ਹਰ ਕਿਸੇ ਦੀ ਹੋਣੀ ਚਾਹੀਦੀ ਹੈ। ਅੱਜ ਦੀ ਇਹ ਮੰਗ ਵੀ ਹੈ ਕਿ ਹਰ ਕਿਸੇ ਪਾਸ ਵਾਜਬ ਜਿਹੀ ਵਿਦਿਆ ਵੀ ਹੋਣੀ ਚਾਹੀਦੀ ਹੈ। ਅਜ ਤੀਜੀ ਮੰਗ ਇਹ ਆ ਬਣੀ ਹੈ ਕਿ ਹਰ ਕਿਸੇ ਪਾਸ ਵਾਜਬ ਜਿਹੀ ਕੋਈ ਕਿਤਾ ਸਿਖਲਾਈ ਵੀ ਹੋਣੀ ਚਾਹੀਦੀ ਹੈ । ਅਜ ਇਹ ਵੀ ਲਾਜ਼ਮੀ ਜਿਹਾ ਆ ਬਣਿਆ ਹੈ ਕਿ ਹਰ ਕਿਸੇ ਪਾਸ ਵਾਜਬ ਜਿਹਾ ਰੁਜ਼ਗਾਰ ਹੋਣਾ ਚਾਹੀਦਾ ਹੈ ਅਤੇ ਹਰ ਕਿਸੇ ਦੀ ਵਾਜਬ ਜਿਹੀ ਆਮਦਨ ਵੀ ਹੋਣੀ ਚਾਹੀਦੀਖ ਹੈ। ਇਹ ਹਨ ਅਜ ਦੇ ਸਮਿਆਂ ਦੀਆਂ ਮੁਢਲੀਆਂ ਪੰਜ ਲੋੜਾਂ ਅਤੇ ਜਿਥੋਂ ਤਕ ਸਾਡੇ ਮੁਲਕ ਦਾ ਸਬੰਧ ਹੈ ਇਹ ਲੋੜਾਂ ਪੂਰੀਆਂ ਕਰਨ ਲਈ ਪੈਸਾ ਚਾਹੀਦਾ ਹੈ। ਸਾਡੇ ਮੁਲਕ ਵਿੱਚ ਇਹ ਪੰਜੇ ਸਹੂਲਤਾਂ ਆ ਤਾਂ ਬਣੀਆਂ ਹਨ, ਪਰ ਬਹੁਤ ਹੀ ਮਹਿੰਗੀਆਂ ਹਨ ਅਤੇ ਸਾਡੇ ਮੁਲਕ ਦੀ ਵਡੀ ਗਿਣਤੀ ਪਾਸ ਤਾਂ ਦੋ ਵਕਤਾਂ ਦੀ ਰੋਟੀ ਲਈ ਹੀ ਪੈਸਾ ਨਹੀਂ ਹੈ। ਇਸ ਪੈਸੇ ਦਾ ਪ੍ਰਬੰਧ ਕੋਣ ਕਰੇਗਾ, ਇਹ ਗਲ ਹਾਲਾਂ ਤਕ ਨਾਂ ਤਾਂ ਸੋਚੀ ਨਹੀ ਗਈ ਹੈ ਅਤੇ ਨਾਂ ਹੀ ਕੋਈ ਪ੍ਰਬੰਧ ਹੀ ਕੀਤਾ ਗਿਆ ਹੈ।

ਸਾਡੇ ਮੁਲਕ ਵਿੱਚ ਰਾਜਸੀ ਲੋਕਾਂ ਦਾ ਰਾਜ ਹੈ ਅਤੇ ਅਸੀਂ ਦੇਖ ਰਹੇ ਹਾਂ ਕਿ ਬਾਕਾਇਦਾ ਹਰ ਪੰਜਾਂ ਸਾਲਾਂ ਬਾਅਦ ਚੋਣਾ ਕਰਵਾਕੇ ਸਦਨਾ ਵਿੱਚ ਵਿਧਾਇਕ ਬਿਠਾਏ ਜਾਂਦੇ ਹਨ ਅਤੇ ਅਸਾਂ ਇਹ ਵੀ ਦੇਖਿਆ ਹੈ ਕਿ ਪਿਛਲੇ ਸਾਢੇ ਸਤ ਦਹਾਕਿਆਂ ਦੀਆਂ ਸਦਨਾ ਦੀਆਂ ਬੈਠਕਾਂ ਵਿੱਚ ਕਦੀ ਵੀ ਇਹ ਗਰੀਬਾਂ ਵਾਲਾ ਨੁਕਤਾ ਲਿਆਂਦਾ ਹੀ ਨਹੀਂ ਗਿਆ ਹੈ ਅਤੇ ਲਾਂ ਹੀ ਅਜ ਤਕ ਕੋਈ ਤਰੀਕਾ ਹੀ ਲਭਿਆ ਗਿਆ ਹੈ ਜਿਸ ਨਾਲ ਇਹ ਨਕਦੀ ਪੈਸਾ ਹਰ ਘਰ ਤਕ ਪੁਜਦਾ ਕਰਨ ਲਈ ਕੋਈ ਢੰਗ ਲਭਿਆ ਜਾਵੇ। ਅਜ ਤਕ ਬਸ ਨਿਕੇ ਨਿਕੇ ਯਤਨ ਕੀਤੇ ਗਏ ਹਨ ਅਤੇ ਇਸ ਨਾਲ ਗਰੀਬਾਂ ਨੂੰ ਜਿਉਂਦਾ ਰਖਿਆ ਜਾ ਰਿਹਾ ਹੈ ਅਤੇ ਅਸੀਂ ਦੇਖਦੇ ਆ ਰਹੇ ਹਾਂ ਕਿ ਗਰਬਾਂ ਦੀ ਗਿਣਤੀ ਵਧਦੀ ਹੀ ਆ ਰਹੀ ਹੈ ਅਤੇ ਇਹ ਡਰ ਬਣਿਆ ਪਿਆ ਹੈ ਕਿ ਹੋਰ ਵਧ ਵੀ ਸਕਦੀ ਹੈ।

ਅੱਜ ਕਲ ਖਬਰਾਂ ਆ ਰਹੀਆਂ ਹਨ ਕਿ ਮੁਲਕ ਵਿੱਚ ਮਹਿੰਗਾਈ ਵੱਧ ਰਹੀ ਹੈ ਅਤੇ ਲੋਕਾਂ ਦਾ ਜਿਉਣਾ ਮੁਸ਼ਕਿਲ ਹੋ ਰਿਹਾ ਹੈ। ਇਹ ਵੀ ਅਸਾਂ ਦੇਖ ਲਿਲਆ ਹੈ ਕਿ ਅਜ ਮਨੁਖੀ ਜੀਵਨ ਦੀਆਂ ਲੋੜਾਂ ਵੀ ਵਧ ਗਈਆਂ ਹਨ ਅਤੇ ਅਗਰ ਇਹ ਲੋੜਾਂ ਪੂਰੀਆਂ ਕਰਨੀਆਂ ਹਨ ਤਾਂ ਪੈਸਾ ਚਾਹੀਦਾ ਹੈ । ਅਰਥਾਤ ਅਜ ਦੇ ਸਮਿਆਂ ਵਿੱਚ ਆਮ ਜਿਹਾ ਜ਼ਰੂਰਤ ਬਣ ਗਈਆਂ ਹਨ। ਜਿਹੜਾ ਵੀ ਆਦਮੀ ਇਹ ਬਣ ਆਇਆ ਸਾਮਾਨ ਵਰਤ ਨਹੀਂ ਪਾ ਰਿਹਾ ਉਹ ਗਰੀਬ ਅਖਵਾ ਰਿਹਾ ਹੈ ਜਾਂ ਉਸਨੂੰ ਪਛੜਿਆ ਹੋਇਆ ਆਖ ਦਿੱਤਾ ਜਾਂਦਾ ਹੈ। ਅਤੇ ਪਿਛੇ ਜਿਹੇ ਜਦ ਇਹ ਕੋਰੋਨਾ ਮਹਾਮਾਰੀ ਆਈ ਤਾਂ ਪਤਾ ਲਗਾ ਕਿ ਐਸੇ ਗਰੀਬਾਂ ਅਤੇ ਪਛੜੇ ਹੋਏ ਲੋਕਾ ਦੀ ਗਿਣਤੀ ਕੋਈ ਅਸੀਂਪਚਾਸੀ ਕਰੋੜ ਬਣ ਗਈ ਹੈ। ਅਰਥਾਤ ਮੁਲਕ ਦੀ ਤਿੰਨਚੌਥਾਈ ਜੰਤਾ ਗਰੀਬ ਹੈ ਅਤੇ ਪਛੜੀ ਪਈ ਹੈ। ਆਜ਼ਾਦੀ ਅਤੇ ਇਸ ਪਰਜਾਤੰਤਰ ਦੇ ਆ ਜਾਣ ਬਾਅਦ ਅਸਾਂ ਇਹ ਆਸ ਬਣਾ ਲਈ ਸੀ ਕਿ ਇਹ ਗੁਬਤ ਵਾਲਾ ਕਲੰਕ ਮੁਕਾ ਲਿਆ ਜਾਵੇਗਾ। ਪਰ ਸਾਡੀਆਂ ਗਲਾਂ ਹੀ ਰਹੀਆਂ ਹਨ ਅਤੇ ਅਜ ਅਸੀਂ ਐਸੀ ਸਟੇਜ ਉਤੇ ਆ ਗਏ ਹਾਂ ਕਿ ਇਤਨੀ ਜੰਤਾ ਦੀ ਗੁਰਬਤ ਦੂਰ ਕਰਨਾ ਸਾਡੇ ਲਈ ਮੁਸ਼ਕਿਲ ਹੋ ਗਿਆ ਹੈ।

ਅੱਜ ਹਰ ਸ਼ੈਅ ਮਹਿੰਗੀ ਹੈ ਅਤੇ ਹੋਰ ਵੀ ਮਹਿੰਗੀ ਹੋਵੇਗੀ ਕਿਉਂਕਿ ਅਜ ਹਰ ਸ਼ੈਅ ਦਾ ਉਤਪਾਦਨ ਮਹਿੰਗਾ ਹੋ ਗਿਆ ਹੈ ਅਤੇ ਹਰ ਸ਼ੈਅ ਉਤਪਾਦਨ ਬਾਅਦ ਕਈ ਕਈ ਹਥਾਂ ਵਿੱਚ ਦੀ ਲੰਘਕੇ ਵਰਤਣ ਵਾਲੇ ਤਕ ਪੁਜਦੀ ਹੈ। ਇਹ ਮਹਿੰਗਾਈ ਵਧੇਗੀ ਅਤੇ ਹੋਰ ਵੀ ਵਧੇਗੀ। ਇਹ ਮਹਿੰਗਾਈ ਵਕਤ ਦੀਆਂ ਸਰਕਾਰਾਂ ਰੋਕ ਨਹੀਂ ਸਕਦੀਆਂ ਅਤੇ ਅਜ ਤਕ ਕਿਸੇ ਵੀ ਸਰਕਾਰ ਨੇ ਇਹ ਮਹਿੰਗਾਈ ਰੋਕ ਨਹੀਂ ਪਾਈ ਹੈ। ਇਸੇ ਤਰ੍ਹਾਂ ਇਹ ਜੀਵਨ ਜਿਉਣਾ ਵਹੀ ਮਹਿੰਗਾ ਹੁੰਦਾ ਜਾ ਰਿਹਾ ਹੈ ਅਤੇ ਅਸਾਂ ਦੇਖਿਆ ਹੈ ਕਿ ਮੁਲਕ ਦੇ ਲੋਕਾਂ ਦੀ ਆਮਦਨ ਕਿਵੇਂ ਵਧਾਈ ਜਾਵੇ, ਇਸ ਬਾਰੇ ਅਜ ਤਕ ਕਿਸੇ ਵੀ ਸਦਨ ਵਿੱਚ ਵਿਧਾਇਕਾਂ ਨੇ ਵਿਚਾਰ ਹੀ ਨਹੀਂ ਕੀਤਾ ਹੈ। ਅਤੇ ਇਹ ਵੀ ਸਾਫ ਪਿਆ ਦਿਖਾਈ ਦੇ ਰਿਹਾ ਹੈ ਕਿ ਇਹ ਵਿਧਾਇਕ ਅਤੇ ਇਹ ਰਾਜਸੀ ਲੋਕੀਂ ਜਾਣ ਬੁਝਕੇ ਇਸ ਪਾਸੇ ਧਿਆਨ ਨਹੀਂ ਦੇ ਰਹੇ ਹਨ। ਮੁਲਕ ਵਿੱਚ ਗਰੀਬਾਂ ਦੀ ਵਡੀ ਗਿਣਤੀ ਦਾ ਰਾਜਸੀ ਲੋਕਾਂ ਨੂੰ ਬੜਾ ਫਾਇਦਾ ਹੈ। ਇਹੀ ਗਰੀਬ ਹਨ ਜਿਹੜੇ ਹਰ ਪੰਜਾਂ ਸਾਲਾਂ ਬਾਅਦ ਵੋਟਾ ਪਾਕੇ ਸਰਕਾਰਾਂ ਬਣਾ ਦਿੰਦੇ ਹਨ ਅਤੇ ਇਹ ਰਾਜਸੀ ਲੋਕੀਂ ਦੁਨੀਂ ਭਰ ਵਿੱਚ ਰੋਲਾ ਪਾਈ ਜਾ ਰਹੇ ਹਨ ਕਿ ਅਸਾਂ ਵੀ ਪਰਜਾਤੰਤਰ ਬਣਾ ਵੀ ਲਿਆ ਹੈ ਅਤੇ ਸਾਢੇ ਸਤ ਦਹਾਕਿਆਂ ਤੋਂ ਚਲਾਈ ਵੀ ਜਾ ਰਹੇ ਹਾਂ। ਇਉਂ ਪਿਆ ਲਗਦਾ ਹੈ ਕਿ ਰਾਜਸੀ ਲੋਕਾਂ ਨੇ ਜਾਣਬੁਟਝਕੇ ਇਹ ਗਰੀਬਾਂ ਦੀ ਗਿਣਤੀ ਬਣਾਕੇ ਰਖ ਰਖੀ ਹੈ ਤਾਂਕਿ ਵੋਟਾਂ ਵਕਤ ਕੰਮ ਆ ਸਕੇ।

ਹੁਣ ਇਹ ਗੱਲ ਤਾਂ ਸਪਸਟ ਹੋ ਆਈ ਹੈ ਕਿ ਨਾਂ ਤਾਂ ਕੀਮਤਾਂਵਿੱਚ ਵਾਧਾ ਰੋਕਿਆ ਜਾ ਸਕਦਾ ਹੈ ਅਤੇ ਨਾਂ ਹੀ ਅਜ ਦੇ ਸਮਿਆਂ ਵਿੱਚ ਜਿਉਣਾ ਵੀ ਸਸਤਾ ਕੀਤਾ ਜਾ ਸਕਦਾ ਹੈ। ਅਜ ਹਰ ਮੁਲਕ ਵਿੱਚ ਅਨਾਜ ਹੈ, ਖਾਣ ਪੀਣ, ਹੰਢਾਉਣ ਅਤੇ ਵਰਤੋਂ ਦਾ ਸਾਮਾਨ ਆ ਗਿਆ ਹੈ ਅਤੇ ਅਗਰ ਇਹ ਹਰ ਆਦਮੀ ਤਕ ਪੁਜਦਾ ਕਰ ਦਿਤਾ ਜਾਵੇ ਤਾਂ ਹਰ ਆਦਮੀ ਸਾਧਾਰਣ ਜਿਹਾ ਜੀਵਨ ਜਿਉ ਸਕਦਾ ਹੈ। ਅਜ ਹਸਪਤਾਲ ਹਨ, ਖੁਰਾਕ ਹੈ, ਸਕੂਲ ਹਨ, ਕਾਲਿਜ ਹਨ, ਸਿਖਲਾਈ ਕੇਂਦਰ ਹਨ, ਯੂਨੀਵਰਸਟੀਆਂ ਹਨ, ਕਾਰਖ,ਾਨੇ ਹਨ ਅਤੇ ਵਰਤਣ, ਹੰਢਾਉਣ ਅਤੇ ਆਵਾਜਾਈ ਦਾ ਹਰ ਪ੍ਰਬੰਧ ਮੌਜੂਦ ਹੈ। ਸਿਰਫ ਪੈਸਾ ਚਾਹੀਦਾ ਹੈ ਅਤੇਅਗਰ ਸਾਡੇ ਮੁਲਕ ਵਿੱਚ ਘਟ ਪੈਸਾ ਛਾਪਿਆ ਜਾ ਰਿਹਾ ਹੈ ਤਾਂ ਇਹ ਵਧਾਇਆ ਜਾ ਸਕਦਾ ਹੈ। ਆਮ ਆਦਮੀ ਪਾਸ ਜਿਹੜਾ ਵੀ ਨਕਦੀ ਪੀਂਜੇਗਾ ਉਹ ਖਰਚ ਹੋਈ ਜਾਵੇਗਾ ਅਤੇ ਬਾਜ਼ਾਰਾਂ ਵਿੱਚ ਪਿਆ ਮਾਲ ਵਿਕੀ ਜਾਵੇਗਾ। ਇਸ ਨਾਲ ਉਤਪਾਦਨ ਕਰਨ ਵਾਲੀਆਂ ਇਕਾਈਆਂ ਤਰਕੀ ਕਰਨਗੀਆਂ ਅਤੇ ਹੋਰ ਮਾਲ ਪੈਦਾ ਕਰਨਗੀਆਂ। ਮੁਲਕ ਵਿੱਚ ਰੁਜ਼ਗਾਰ ਵੀ ਵਧ ਸਕਦਾ ਹੈ ਅਤੇ ਉਜਰਤਾਂ ਵੀ ਵਧ ਸਕਦੀਆਂ ਹਨ। ਐਸਾ ਕੁਝ ਸੋਚਿਆ ਜਾ ਸਕਦਾ ਹੈ ਅਤੇ ਪਤਾ ਨਹੀਂ ਅਸਾਂ ਪਿਛਲੇ ਸਾਢੇ ਸਤ ਦਹਾਕੇ ਕੀ ਸੋਚਦੇ ਰਹੇ ਹਾਂ। ਅੰਗਰੇਜ਼ ਸਾਮਰਾਜੀਏ ਆਪਣੇ ਦੇਸੰ ਵਿੱਚ ਹਰ ਨਾਗਰਿਕ ਤਕ ਪੈਸਾ ਪੁਚਾਉਂਦੇ ਸਨ, ਪਰ ਪਤਾ ਨਹੀਂ ਕਿਉਂ ਉਨ੍ਹਾਂ ਨੇ ਇਹ ਤਰੀਕਾ ਸਾਡੇ ਮੁਲਕ ਵਿੱਚ ਕਿਉਂ ਨਹੀ ਸੀ ਲਾਗੂ ਕੀਤਾ। ਇਥੇ ਗਰਬੀਬਾਂ ਦੀ ਗਿਣਤੀ ਬਣਾ ਗਏ ਸਨ ਅਤੇ ਇਹ ਗਿਣਤੀ ਵਧਦੀ ਹੀ ਆ ਰਹੀ ਹੈ। ਹੁਣ ਤਾਂ ਇਕ ਹੀ ਇਲਾਜ ਹੈ ਕਿ ਨੋਟ ਛਾਪੇ ਜਾਣ ਅਤੇ ਹਰ ਘਰ ਤਕ ਪੁਜਦੇ ਕੀਤੇ ਜਾਣ ਤਾਂਕਿ ਬਾਜ਼ਾਰਾਂ ਵਿੱਚ ਪਿਆ ਸਾਮਾਨ ਵਿਕਦਾ ਹੋਈ ਜਾਵੇ। ਸਿਰਫ ਪੈਸਾ ਸਰਕੂਲੇਟ ਕਰਨ ਨਾਲ ਹੀ ਗੁਰਬਤ ਦੂਰ ਕੀਤੀ ਜਾ ਸਕਦੀ ਹੈ ਅਤੇ ਮੁਲਕ ਦੇ ਅਰਥਸ਼ਾਸਤਰੀ ਇਹ ਵਾਲਾ ਫਾਰਮੂਲਾਂ ਲਾਗੂ ਕਰਨ ਬਾਰੇ ਵਿਚਾਰ ਕਰਨ।ਜਦ ਤਕ ਸਾਰੇ ਲੋਕਾਂ ਨੂੰ ਰੁਜ਼ਗਾਰ ਨਹੀਂ ਮਿਲਦਾ ਅਤੇ ਜਦ ਤਕ ਹਰੇਕ ਕਾਮੇ ਦੀ ਵਾਜਬ ਮਜ਼ਦੂਰੀ ਨਹੀਂ ਬਣਦੀ ਅਤੇ ਜਦ ਤਕ ਹਰ ਪਰਵਾਰ ਵਿੱਚ ਵਾਜਬ ਜਿਹੀ ਆਮਦਨ ਨਹੀਂ ਬਣਦੀ, ਸਰਕਾਰਾਂ ਨੂੰ ਲੋਕਾਂ ਦੇ ਘਰ ਨਕਦੀ ਪੈਸਾ ਪੁਜਦਾ ਕਰਨਾ ਪਵੇਗਾ ਅਤੇ ਸਰਕਾਰਾਂ ਪਾਸ ਨਕਦੀ ਪੈਸਾ ਹੈ ਨਹੀਂ ਹੈ ਇਸ ਲਈ ਨੋਟ ਛਾਪਣ ਤੋਂ ਇਲਾਵਾ ਹੋਰ ਕੋਈ ਤਰੀਕਾਂ ਨਹੀਂ ਹੈ। ਸਾਮਾਨ ਸਾਰੇ ਦਾ ਸਾਰਾ ਮੌਜੂਦ ਹੈ।

101-ਸੀ ਵਿਕਾਸ ਕਲੋਨੀ, ਪਟਿਆਲਾ-ਪੰਜਾਬ-ਭਾਰਤ-147001
ਫੋਨ- 0175 5191856

# ਸਰਕਾਰ ਦੀਆਂ ਨੀਤੀਆਂ ਨੂੰ ਆਸ ਤੋਂ ਕਿਤੇ ਘੱਟ ਸਫਲਤਾ ਮਿਲੀ

-ਆਕਾਰ ਪਟੇਲ-

ਮੋਦੀ ਸਰਕਾਰ ਬਦਲਾਅ ਦੇ ਲਈ ਲੋਕਾਂ ਦੀਆਂ ਭਾਰੀ ਵੋਟਾਂ ਨਾਲ ਇਸ ਦੂਸਰੇ ਕਾਰਜਕਾਲ ਵਿੱਚ ਆਈ ਹੈ। ਐੱਨ ਡੀ ਏ ਗੱਠਜੋੜ ਦੀ ਸਰਕਾਰ ਨੇ 2014 ਦੇ ਮੁਕਾਬਲੇ 2019 ਵਿੱਚ ਵੱਧ ਸੀਟਾਂ ਜਿੱਤੀਆਂ ਅਤੇ ਇਸ ਦੀ ਕਾਰਗੁਜ਼ਾਰੀ ਉੱਤੇ ਵੋਟਰਾਂ ਨੇ ਇਸ ਤਰ੍ਹਾਂ ਮੋਹਰ ਲਾਈ ਕਿ ਇਸਦੇ ਵਰਗੀ ਕੋਈ ਪ੍ਰਣਾਲੀ ਨਹੀਂ ਹੋ ਸਕਦੀ। ਇਸ ਦੀ ਵਿਚਾਰਧਾਰਾ ਨੂੰ ਲਾਗੂ ਕਰਨ ਲਈ ਪੋਲਿੰਗ ਦਾ ਸਾਲ 2019 ਵਿੱਚ ਤੁਰੰਤ ਅਮਲ ਕੀਤਾ ਗਿਆ। ਸੁਪਰੀਮ ਕੋਰਟ ਨੇ ਅਗਸਤ 2017 ਵਿੱਚ ਟਰਿਪਲ ਤਲਾਕ ਨੂੰ ਗ਼ੈਰ-ਕਾਨੂੰਨੀ ਐਲਾਨ ਦਿੱਤਾ ਅਤੇ ਇਸ ਗ਼ੈਰ-ਸੰਵਿਧਾਨਕ ਦੱਸਿਆ, ਪਰ ਭਾਜਪਾ ਨੇ ਫੈਸਲਾ ਕੀਤਾ ਕਿ ਇਸ ਉੱਤੇ ਹੋਰ ਕੰਮ ਕਰਨ ਦੀ ਲੋੜ ਹੈ ਅਤੇ ਜੁਲਾਈ 2019 ਵਿੱਚ ਇਸ ਪ੍ਰਥਾ, ਜਿਸ ਨੂੰ ਪਹਿਲਾਂ ਹੀ ਗ਼ੈਰ-ਕਾਨੂੰਨੀ ਐਲਾਨਿਆ ਗਿਆ ਸੀ, ਦਾ ਅਪਰਾਧੀਕਰਨ ਕਰ ਦਿੱਤਾ ਗਿਆ। ਸਮਾਨ ਨਾਗਰਿਕ ਜ਼ਾਬਤਾ ਲਾਗੂ ਕਰਨਾ ਭਾਜਪਾ/ ਜਨਸੰਘ ਦਾ 1950 ਦੇ ਦਹਾਕੇ ਵਿੱਚ ਵਾਪਸ ਲਏ ਜਾਣ ਦੇ ਏਜੰਡੇ ਦਾ ਇੱਕ ਹਿੱਸਾ ਸੀ ਅਤੇ ਇਸ ਮਾਇਨੇ ਵਿੱਚ ਟ੍ਰਿਪਲ ਤਲਾਕ ਦਾ ਅਪਰਾਧੀਕਰਨ ਇੱਕ ਜਿੱਤ ਸੀ। ਇਸ ਦੇ ਅਗਲੇ ਮਹੀਨੇ ਕਸ਼ਮੀਰ ਵਿੱਚ ਧਾਰਾ 370 ਖ਼ਤਮ ਕਰ ਦਿੱਤੀ ਗਈ ਅਤੇ ਉਥੋਂ ਦੇ ਸਾਰੇ ਗ਼ੈਰ-ਭਾਜਪਾ ਸਿਆਸਤਦਾਨਾਂ ਨੂੰ ਅਣਮਿੱਥੇ ਸਮੇਂ ਲਈ ਜੇਲ ਸੁੱਟ ਦਿੱਤਾ ਗਿਆ। ਇਹ ਭਾਜਪਾ ਦੇ ਏਜੰਡੇ ਦਾ ਦੂਸਰਾ ਹਿੱਸਾ ਸੀ ਜੋ 1950 ਦੇ ਦਹਾਕੇ ਵਿੱਚ ਵਾਪਸ ਲਏ ਜਾਣ ਵਾਲਾ ਸੀ। ਦੋ ਮਹੀਨਿਆਂ ਪਿੱਛੋਂ ਸੁਪਰੀਮ ਕੋਰਟ ਨੇ ਅਯੁੱਧਿਆ ਉੱਤੇ ਫੈਸਲਾ ਸੁਣਾਇਆ ਅਤੇ ਮਸਜਿਦ ਦੀ ਵਿਵਾਦਿਤ ਜਾਇਦਾਦ ਹਿੰਦੂ ਪਾਰਟੀ ਨੂੰ ਸੌਂਪ ਦਿੱਤੀ।

ਛੇ ਮਹੀਨਿਆਂ ਦੇ ਅੰਦਰ ਹੀ ਨਰਿੰਦਰ ਮੋਦੀ ਸਾਰੇ ਤਿੰਨਾਂ ਮੁੱਦਿਆਂ ਉੱਤੇ ਚੰਗਾ ਆਧਾਰ ਬਣਾਉਣ ਵਿੱਚ ਸਫਲ ਰਹੇ ਜਿਸ ਦੇ ਲਈ ਇਹ ਪਾਰਟੀ ਦਹਾਕਿਆਂ ਤੋਂ ਪ੍ਰਚਾਰ ਕਰ ਰਹੀ ਸੀ। ਇਸ ਦੇ ਬਾਅਦ ਦੇ ਮਹੀਨੇ ਵਿੱਚ ਭਾਜਪਾ ਨੇ ਕਿਹਾ ਕਿ ਉਹ ਨਾਗਰਿਕਤਾ ਬਾਰੇ ਆਪਣੇ ਐਲਾਨ ਪੱਤਰ ਦੇ ਵਾਅਦੇ ਨੂੰ ਲਾਗੂ ਕਰੇਗੀ। 'ਘੁਸਪੈਠ ਨਾਲ ਲੜਾਈ' ਨਾਂ ਦੇ ਸੈਕਸ਼ਨ ਅਧੀਨ 2019 ਦੇ ਭਾਜਪਾ ਦੇ ਐਲਾਨ ਪੱਤਰ ਵਿੱਚ ਕਿਹਾ ਗਿਆ ਸੀ 'ਨਾਜਾਇਜ਼ ਪ੍ਰਵਾਸ ਦੇ ਕਾਰਨ ਕੁਝ ਇਲਾਕਿਆਂ ਦੀ ਸੱਭਿਆਚਾਰਕ ਅਤੇ ਭਾਸ਼ਾਈ ਪਛਾਣ ਵਿੱਚ ਬਹੁਤ ਜ਼ਿਆਦਾ ਤਬਦੀਲੀ ਆਈ ਹੈ ਤੇ ਇਸ ਦੇ ਨਤੀਜੇ ਵਜੋਂ ਸਥਾਨਕ ਲੋਕਾਂ ਦੇ ਜ਼ਿੰਦਗੀ ਗੁਜ਼ਾਰਨ ਅਤੇ ਰੋਜ਼ਗਾਰ ਉੱਤੇ ਉਲਟ ਅਸਰ ਪਿਆ ਹੈ। ਅਸੀਂ ਪਹਿਲ ਦੇ ਆਧਾਰ ਉੱਤੇ ਇਨ੍ਹਾਂ ਖੇਤਰਾਂ ਵਿੱਚ ਰਾਸ਼ਟਰੀ ਨਾਗਰਿਕਤਾ ਰਜਿਸਟਰ (ਐਨ ਆਰ ਸੀ) ਨੂੰ ਜਿੰਨੀ ਜਲਦੀ ਹੋ ਸਕੇ, ਪੂਰਾ ਕਰਾਂਗੇ। ਭਵਿੱਖ ਵਿੱਚ ਅਸੀਂ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ ਪੜਾਅ-ਵਾਰ ਐਨ ਆਰ ਸੀ ਲਾਗੂ ਕਰਾਂਗੇ।' ਇਸ ਪ੍ਰਕਿਰਿਆ ਦੇ ਪਹਿਲੇ ਭਾਗ ਦੇ ਮੁਤਾਬਕ, ਜਿਵੇਂ ਅਮਿਤ ਸ਼ਾਹ ਨੇ ਆਪਣੇ ਪ੍ਰਸਿੱਧ ਘਟਨਾਕ੍ਰਮ ਰਾਹੀਂ ਵਰਨਣ ਕੀਤਾ ਸੀ, ਭਾਜਪਾ ਨੇ ਨਾਗਰਿਕਤਾ ਸੋਧ ਬਿੱਲ ਪਾਸ ਕਰ ਦਿੱਤਾ। ਇਹ ਕਾਨੂੰਨ ਗੁਆਂਢੀ ਦੇਸ਼ਾਂ ਤੋਂ ਆਉਂਦੇ ਗ਼ੈਰ-ਮੁਸਲਮਾਨਾਂ ਨੂੰ ਪਨਾਹ ਦੇਵੇਗਾ ਜਦਕਿ ਐਨ ਆਰ ਸੀ ਤਹਿਤ ਘਰ-ਘਰ ਜਾ ਕੇ 'ਘੁਸਪੈਠੀਆਂ' ਅਤੇ 'ਸਿਓਕ' ਨੂੰ ਬਾਹਰ ਕੱਢਿਆ ਜਾਵੇਗਾ।

ਭਾਜਪਾ ਨੂੰ ਭਾਰਤ ਦੇ ਮੁਸਲਮਾਨਾਂ ਤੋਂ ਸਮਰਥਨ ਨਹੀਂ ਮਿਲਿਆ ਅਤੇ ਪਾਸ ਹੋਣ ਦੇ ਬਾਵਜੂਦ 20 ਮਹੀਨੇ ਬੀਤਣ ਦੇ ਬਾਅਦ ਵੀ ਕਾਨੂੰਨ ਲਾਗੂ ਨਹੀਂ ਕੀਤਾ ਜਾ ਸਕਿਆ। ਐਨ ਆਰ ਸੀ, ਜਿਹੜਾ 2019 ਦੀਆਂ ਚੋਣਾਂ ਦੇ ਐਲਾਨ ਪੱਤਰ ਦਾ ਵਾਅਦਾ ਸੀ, ਨੂੰ ਪਾਸੇ ਰੱਖ ਦਿੱਤਾ ਗਿਆ। ਫਰਵਰੀ ਵਿੱਚ ਦਿੱਲੀ ਵਿੱਚ ਹੋਈ ਤਬਾਹੀ ਇਸ ਅਸਫਲਤਾ ਦੀ ਪ੍ਰਕਿਰਿਆ ਸੀ। ਫਿਰ ਵੀ ਇਸ ਨੁਕਤੇ ਬਾਰੇ ਲੋਕਾਂ ਦੀ ਰਾਏ ਨੂੰ ਲਾਗੂ ਕਰਨ ਦਾ ਫ਼ੈਸਲਾ ਅਜੇ ਵੀ ਮਜ਼ਬੂਤ ਸੀ।

ਖੇਤੀਬਾੜੀ ਬਿੱਲ ਜੂਨ 2020 ਵਿੱਚ ਆਏ ਅਤੇ ਸਰਕਾਰ ਤੇ ਇਸ ਦੇ ਸਹਿਯੋਗੀਆਂ ਨੂੰ ਅੰਦਾਜ਼ਾ ਨਹੀਂ ਹੋ ਸਕਿਆ ਕਿ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕੀਤਾ ਜਾਵੇਗਾ। ਇੱਥੋਂ ਤੱਕ ਕਿ ਐੱਨ ਡੀ ਏ ਦੀ ਪੰਜਾਬ ਵਿੱਚ ਪ੍ਰਮੁੱਖ ਭਾਈਵਾਲ ਪਾਰਟੀ ਅਕਾਲੀ ਦਲ ਉਸ ਸਮੇਂ ਕੈਬਨਿਟ ਵਿੱਚ ਸੀ, ਜਦੋਂ ਬਿੱਲ ਪਾਸ ਕੀਤੇ ਗਏ ਅਤੇ ਸਿਰਫ਼ ਉਦੋਂ ਸਰਕਾਰ ਤੋਂ ਬਾਹਰ ਨਿਕਲੀ ਜਦੋਂ ਇਹ ਸਪੱਸ਼ਟ ਹੋ ਗਿਆ ਕਿ ਕਿਸਾਨ ਖੁਸ਼ ਨਹੀਂ ਸਨ।

ਅਸਲ ਵਿੱਚ ਆਰਥਿਕ ਸੰਕਟ ਵਿਮੁਦਰੀਕਰਨ ਦੇ ਸਮੇਂ ਤੋਂ ਵਧ ਰਿਹਾ ਸੀ, ਪਰ ਭਾਰਤ ਵਿੱਚ ਇਸ ਦੀ ਪਛਾਣ ਅਤੇ ਇਸ ਦੀ ਗੱਲ ਨਹੀਂ ਕੀਤੀ ਜਾ ਰਹੀ ਸੀ। ਬਾਹਰੀ ਦੁਨੀਆ ਨੇ ਇਸ ਉੱਤੇ ਧਿਆਨ ਦਿੱਤਾ ਸੀ। 2014 ਵਿੱਚ ਭਾਰਤ ਦਾ ਪ੍ਰਤੀ ਵਿਅਕਤੀ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) 1573 ਡਾਲਰ, ਬੰਗਲਾਦੇਸ਼ ਦੇ 1118 ਡਾਲਰ ਤੋਂ ਲੱਗਭਗ 50 ਫ਼ੀਸਦੀ ਵੱਧ ਸੀ। ਸਾਲ 2020-21 ਦੇ ਅਖ਼ੀਰ ਵਿੱਚ ਬੰਗਲਾਦੇਸ਼ 2227 ਡਾਲਰ ਪ੍ਰਤੀ ਵਿਅਕਤੀ ਪ੍ਰਤੀ ਸਾਲ ਦੇ ਨਾਲ ਭਾਰਤ ਤੋਂ ਅੱਗੇ ਨਿਕਲ ਗਿਆ ਜਦਕਿ ਭਾਰਤ 1947 ਡਾਲਰ ਉੱਤੇ ਆ ਗਿਆ। ਜਦ ਤੱਕ ਕੁਝ ਬਦਲ ਨਹੀਂ ਜਾਂਦਾ ਇੱਥੋਂ ਅਸੀਂ ਬੰਗਲਾਦੇਸ਼ ਦੇ ਪਿੱਛੇ ਰਹਾਂਗੇ।

ਨਿਆਂ ਪਾਲਿਕਾ ਨੇ ਮੋਦੀ ਨੂੰ ਖੇਤੀਬਾੜੀ ਕਾਨੂੰਨਾਂ ਤੋਂ ਨਿਕਲਣ ਵਿੱਚ ਮਦਦ ਕੀਤੀ ਅਤੇ ਇੱਕ ਮਾਹਿਰ ਕਮੇਟੀ ਤੋਂ ਸੀਲਬੰਦ ਲਿਫ਼ਾਫ਼ੇ ਵਿੱਚ ਉਸ ਦੇ ਵਿਚਾਰ ਜਾਣਨ ਅਤੇ ਉਸ ਨੂੰ ਜਾਰੀ ਕੀਤੇ ਬਿਨ੍ਹਾਂ ਕਾਨੂੰਨਾਂ ਨੂੰ ਠੰਡੇ ਬਸਤੇ ਵਿੱਚ ਪਾਉਣ ਨੂੰ ਕਿਹਾ। ਖੁਦ ਸਰਕਾਰ ਨੇ ਜ਼ਰੂਰੀ ਵਸਤਾਂ ਕਾਨੂੰਨ ਨੂੰ ਪਲਟ ਕੇ ਖੇਤੀਬਾੜੀ ਕਾਨੂੰਨਾਂ ਦਾ ਉਲੰਘਣ ਕੀਤਾ ਪਰ ਕਿਸਾਨਾਂ ਨੂੰ ਸੜਕ ਉੱਤੇ ਛੱਡ ਦਿੱਤਾ ਗਿਆ ਕਿਉਂਕਿ ਸਰਕਾਰ ਅੱਗੇ ਵਧ ਗਈ ਤੇ ਉਸ ਨੂੰ ਖੇਤੀਬਾੜੀ ਕਾਨੂੰਨਾਂ ਦੀ ਚਿੰਤਾ ਨਹੀਂ ਹੈ।

ਹੋਰ ਮੁੱਦਿਆਂ ਉੱਤੇ ਵੀ ਸਫਲਤਾ ਓਨੀ ਸਪੱਸ਼ਟ ਨਹੀਂ ਹੈ ਜਿੰਨੀ ਆਸ ਕੀਤੀ ਜਾ ਰਹੀ ਸੀ। ਕਸ਼ਮੀਰ ਵਿੱਚ ਸੰਕਟ ਜਾਰੀ ਹੈ ਤੇ ਜਿਹੜੇ ਨੇਤਾਵਾਂ ਨੂੰ ਜੇਲ ਸੁੱਟਿਆ ਗਿਆ ਸੀ, ਉਨ੍ਹਾਂ ਨੇ ਸਥਾਨਕ ਚੋਣਾਂ ਵਿੱਚ ਚੰਗੀ ਕਾਰਗੁਜ਼ਾਰੀ ਦਿਖਾਈ। ਉਥੋਂ ਦੇ ਲੋਕ ਦੁਖੀ ਅਤੇ ਪ੍ਰਤੀਰੋਧੀ ਬਣੇ ਹੋਏ ਹਨ। ਲੱਦਾਖ ਵਿੱਚ ਸਥਿਤੀ ਵਿੱਚ ਤਬਦੀਲੀ ਦੇ ਕਾਰਨ ਚੀਨ ਗੁੱਸੇ ਵਿੱਚ ਹੈ ਅਤੇ ਇਸ ਦੇ ਨਤੀਜੇ ਦੇਖੇ ਹਨ।

ਸਮਾਨ ਨਾਗਰਿਕ ਜ਼ਾਬਤਾ ਦਾ ਅਸਲ ਮਕਸਦ ਅਸਲ ਵਿੱਚ ਬਹੁ-ਵਿਆਹ ਹੈ ਅਤੇ ਇਸ ਵਿੱਚ ਟ੍ਰਿਪਲ ਤਲਾਕ ਨੂੰ ਲੈ ਕੇ ਜਿੱਤ ਦਾ ਅਰਥ ਓਨਾ ਨਹੀਂ ਰਹਿ ਜਾਂਦਾ। ਨਿਆਪ-ਾਲਿਕਾ ਨੇ ਮੰਦਰ ਅਤੇ ਹੋਰ ਮੁੱਦਿਆਂ ਉੱਤੇ ਫ਼ੈਸਲਾ ਦਿੱਤਾ ਪਰ ਕਸ਼ਮੀਰੀਆਂ ਦੀ ਰਿੱਟ ਨਹੀਂ ਸੁਣੀ, ਨਾ ਸੀ ਏ ਏ ਦੀ ਜਾਇਜ਼ਤਾ ਉੱਤੇ ਸੁਣਵਾਈ ਕੀਤੀ ਅਤੇ ਨਾ ਧਾਰਾ-370 ਬਾਰੇ ਚੁੱਕੇ ਗਏ ਕਦਮਾਂ ਦੀ ਜਾਇਜ਼ਤਾ ਉੱਤੇ। ਜਿਸ ਜੱਜ ਨੇ ਦਿੱਲੀ ਦੰਗਿਆਂ ਬਾਰੇ ਭਾਜਪਾ ਨੇਤਾ ਕਪਿਲ ਮਿਸ਼ਰਾ ਤੇ ਅਨੁਰਾਗ ਠਾਕੁਰ ਉੱਤੇ ਕੇਸ ਦਰਜ ਕਰਨ ਲਈ ਕਿਹਾ ਸੀ, ਉਸ ਦਾ ਹੁਕਮ ਪਾਸ ਕਰਨ ਦੀ ਰਾਤ ਹੀ ਤਬਾਦਲਾ ਕਰ ਦਿੱਤਾ ਗਿਆ।

ਬਦਕਿਸਮਤੀ ਨਾਲ ਜੱਜ ਅਰਥਵਿਵਸਥਾ ਦੇ ਪਤਨ, ਨੌਕਰੀਆਂ ਦੀ ਘਾਟ ਤੇ ਮਹਿੰਗਾਈ ਬਾਰੇ ਕੋਈ ਮਦਦ ਨਹੀਂ ਕਰ ਸਕਦੇ। ਪੈਟਰੋਲ ਦੀ ਕੀਮਤ 100 ਰੁਪਏ ਪ੍ਰਤੀ ਲਿਟਰ ਤੋਂ ਵੱਧ ਹੈ। ਦੇਸ਼ ਅਸ਼ਾਂਤ ਹੈ, ਪਰ ਇਸ ਬਾਰੇ ਕੋਈ ਉਚਿਤ ਸਿਆਸੀ ਪ੍ਰਗਟਾਵਾ ਨਹੀਂ ਮਿਲ ਸਕਿਆ। ਐੱਨ ਡੀ ਏ ਗੱਠਜੋੜ ਦੇ ਸਹਿਯੋਗੀ ਨਿਤੀਸ਼ ਕੁਮਾਰ ਜਾਤੀ ਆਧਾਰਿਤ ਮਰਦਮ ਸ਼ੁਮਾਰੀ ਲਈ ਕਹਿ ਰਹੇ ਹਨ, ਜਿਸ ਲਈ ਸਰਕਾਰ ਨੇ ਨਾਂਹ ਕਰ ਦਿੱਤੀ ਹੈ। (ਭਾਰਤ ਵਿੱਚ ਅਜੇ ਸਹੂਲਤਾਂ ਸਮਾਜਿਕ-ਆਰਥਿਕ ਮਰਦਮ ਸ਼ੁਮਾਰੀ ਦੇ ਆਧਾਰ ਉੱਤੇ ਦਿੱਤੀਆਂ ਜਾਂਦੀਆਂ ਹਨ ਜਿਸ ਦਾ ਆਯੋਜਨ ਮਨਮੋਹਨ ਸਿੰਘ ਦੀ ਅਗਵਾਈ ਵਿੱਚ 1 ਦਹਾਕਾ ਪਹਿਲਾਂ ਕੀਤਾ ਗਿਆ ਸੀ)। ਵਿਦੇਸ਼ਾਂ ਵਿੱਚ ਸਰਕਾਰ ਨੇ ਆਪਣੇ ਮਿੱਤਰ ਟਰੰਪ, ਐਬੇ ਅਤੇ ਨੇਤਨਯਾਹੂ ਨੂੰ ਗੁਆ ਲਿਆ ਹੈ। ਅਮਰੀਕੀ ਨੇਤਾ ਆਪਣੇ ਮਿੱਤਰ ਮੋਦੀ ਦੇ ਨਾਲ ਵਪਾਰਕ ਸੌਦਾ ਕੀਤੇ ਬਿਨਾਂ ਹੀ ਪਰਤ ਗਏ ਹਨ।

ਮੋਦੀ ਨੇ 2019 ਵਿੱਚ ਕਮਾਈ ਆਪਣੀ ਸਿਆਸੀ ਪੂੰਜੀ ਦਾ ਕਾਫ਼ੀ ਹਿੱਸਾ ਖ਼ਰਚ ਕਰ ਦਿੱਤਾ ਹੈ। ਇਹ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ, ਪਰ ਉਨ੍ਹਾਂ ਭਾਵਨਾਵਾਂ ਤੋਂ ਬਚਣਾ ਔਖਾ ਹੈ ਕਿ 2020 ਅਤੇ 2021 ਦੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਜਿਸ ਵਿਸ਼ੇਸ਼ ਚੀਜ਼ ਦੀ ਲੋੜ ਹੈ, ਉਹ ਸਾਨੂੰ ਅਜੇ ਦਿਖਾਈ ਨਹੀਂ ਦੇ ਰਹੀ।

# ਸਾਉਣ ਮਹੀਨਾ ਭਾਗੀਂ ਭਰਿਆ..

-ਜਸਪ੍ਰੀਤ ਕੌਰ ਸੰਘਾ

ਖੇਤੀ ਪ੍ਰਧਾਨ ਸੂਬਾ ਹੋਣ ਕਾਰਨ ਪੰਜਾਬੀਆਂ ਦੇ ਜੀਵਨ ਵਿੱਚ ਸਾਉਣ ਮਹੀਨੇ ਦੀ ਵਿਸ਼ੇਸ਼ ਮਹੱਤਤਾ ਹੈ। ਜੇਠ, ਹਾੜ੍ਹ ਦੀਆਂ ਤਿੱਖੀਆਂ ਧੁੱਪਾਂ ਨਾਲ ਧਰਤੀ ਦਾ ਸੀਨਾ ਸੜਦਾ ਹੈ ਤਾਂ ਸਾਉਣ ਮਹੀਨੇ ਦੀਆਂ ਝੜੀਆਂ ਧਰਤੀ ਦੇ ਸੀਨੇ ਨੂੰ ਠੰਢਕ ਪਹੁੰਚਾਉਂਦੀਆਂ ਹਨ। ਜੇਠ, ਹਾੜ੍ਹ ਦੀ ਗਰਮੀ ਕਾਰਨ ਫ਼ਸਲਾਂ ਮੁਰਝਾ ਜਾਂਦੀਆਂ ਹਨ, ਸਾਉਣ ਮਹੀਨੇ ਦੀ ਵਰਖਾ ਨਾਲ ਹਰ ਪਾਸੇ ਹਰਿਆਲੀ ਵਾਪਸ ਆ ਜਾਂਦੀ ਹੈ। ਇਸੇ ਲਈ ਚਾਹੇ ਇਨਸਾਨ ਹੋਵੇ ਜਾਂ ਪਸ਼ੂ-ਪੰਛੀ ਸਭ ਨੂੰ ਸਾਉਣ ਮਹੀਨਾ ਬਹੁਤ ਭਾਉਂਦਾ ਹੈ। ਮੋਰ ਖ਼ੁਸ਼ੀ ਵਿੱਚ ਪੈਲਾਂ ਪਾਉਂਦੇ ਹਨ ਅਤੇ ਪਪੀਹਾ ਖ਼ੁਸ਼ੀ ਵਿੱਚ ਕੂਕ ਉਠਦਾ ਹੈ। ਸਾਉਣ ਮਹੀਨਾ ਆਪਣੇ ਨਾਲ ਸਿਰਫ਼ ਵਰਖਾ ਹੀ ਨਹੀਂ ਲੈ ਕੇ ਆਉਂਦਾ, ਬਲਕਿ ਅਨੇਕਾਂ ਖ਼ੁਸ਼ੀਆਂ-ਖੇੜੇ ਵੀ ਲੈ ਕੇ ਆਉਂਦੇ ਹੈ। ਸਾਡੇ ਲੋਕ ਗੀਤਾਂ ਵਿੱਚ ਵੀ ਸਾਉਣ ਮਹੀਨੇ ਦੀ ਖੂਬ ਵਡਿਆਈ ਕੀਤੀ ਗਈ ਹੈ ਜਿਵੇਂ-

ਸਾਉਣ ਮਹੀਨਾ ਭਾਗੀਂ ਭਰਿਆ
ਠੰਢੀਆਂ ਵਗਣ ਹਵਾਵਾਂ।
ਧੰਨ ਭਾਗ ਦੁਨੀਆ ਦੇ
ਖੇਤੀਂ ਆਈਆਂ ਬਹਾਰਾਂ।

ਸਾਉਣ ਮਹੀਨੇ ਨੂੰ ਸਿਰਫ਼ ਕਿਸਾਨ ਹੀ ਨਹੀਂ ਉਡੀਕਦੇ, ਮੁਟਿਆਰਾਂ ਲਈ ਵੀ ਸਾਉਣ ਦਾ ਮਹੀਨਾ ਬਹੁਤ ਅਹਿਮ ਹੁੰਦਾ ਹੈ। ਸਾਉਣ ਮਹੀਨੇ ਦੀ ਤੀਜੀ ਤਿੱਥ ਨੂੰ ਤੀਆਂ ਦੀ ਸ਼ੁਰੂਆਤ ਹੁੰਦੀ ਹੈ। ਇਸ ਕਰਕੇ ਇਸ ਤਿਉਹਾਰ ਨੂੰ 'ਤੀਜ ਦਾ ਤਿਉਹਾਰ' ਵੀ ਕਿਹਾ ਜਾਂਦਾ ਹੈ। ਇਸ ਤਿਉਹਾਰ ਨੂੰ ਕੁਆਰੀਆਂ ਅਤੇ ਵਿਆਂਦੜ ਮੁਟਿਆਰਾਂ ਬੇਸਬਰੀ ਨਾਲ ਉਡੀਕਦੀਆਂ ਹਨ। ਸੱਜ ਵਿਆਹੀਆਂ ਕੁੜੀਆਂ ਨੂੰ ਇਸ ਮਹੀਨੇ ਦੀ ਬੇਸਬਰੀ ਨਾਲ ਉਡੀਕ ਹੁੰਦੀ ਹੈ ਕਿਉਂਕਿ ਉਨ੍ਹਾਂ ਨੇ ਸਾਉਣ ਮਹੀਨੇ ਆਪਣੀ ਸੱਸ ਦੇ ਮੱਥੇ ਨਹੀਂ ਲੱਗਣਾ ਹੁੰਦਾ। ਇਸ ਲਈ ਤੀਆਂ ਦੇ ਇਹ ਦਿਨ ਆਪਣੇ ਪੇਕੇ ਘਰ ਮੌਜਾਂ ਨਾਲ ਗਜ਼ਾਰਦੀਆਂ ਹਨ। ਨਣਦਾਂ ਅਤੇ ਭਰਜਾਈਆਂ ਇਕੱਠੀਆਂ ਹੋ ਕੇ ਗਿੱਧੇ ਵਿੱਚ ਧਮਾਲਾਂ ਪਾਉਂਦੀਆਂ ਹਨ-

ਸਾਉਣ ਮਹੀਨਾ ਦਿਨ ਗਿੱਧੇ ਦੇ
ਕੁੜੀਆਂ ਰਲ-ਮਿਲ ਆਈਆਂ
ਨੱਚਣ-ਟੱਪਣ ਝੂਟਣ ਪੀਂਘਾਂ
ਵੱਡਿਆਂ ਘਰਾਂ ਦੀਆਂ ਜਾਈਆਂ
ਗਿੱਧਾ ਪਾ ਰਹੀਆਂ
ਨਣਦਾਂ ਤੇ ਭਰਜਾਈਆਂ।

ਸਾਉਣ ਮਹੀਨੇ ਵੀਰ ਸੰਧਾਰਾ ਲੈ ਕੇ ਭੈਣ ਦੇ ਘਰ ਜਾਂਦਾ ਹੈ, ਜਿਸ ਵਿੱਚ ਸੰਧਾਰੇ ਦਾ ਸੂਟ, ਮਹਿੰਦੀ, ਲੱਡੂ, ਬਿਸਕੁਟ, ਚੂੜੀਆਂ, ਗਹਿਣੇ, ਪੀਂਘ ਝੂਟਣ ਵਾਲੀ ਫੱਟੀ ਅਤੇ ਹੋਰ ਸ਼ਿੰਗਾਰ ਦਾ ਸਾਮਾਨ ਹੁੰਦਾ ਹੈ। ਕਈ ਵਾਰ ਧੀਆਂ ਜਦੋਂ ਦੂਰ ਪ੍ਰਦੇਸ ਵਿਆਹੀਆਂ ਜਾਂਦੀਆਂ ਹਨ ਤਾਂ ਉਨ੍ਹਾਂ ਦਾ ਸਾਉਣ ਮਹੀਨੇ ਪੇਕੇ ਆਉਣਾ ਸੰਭਵ ਨਹੀਂ ਹੁੰਦਾ, ਪਰ ਸਹੁਰੇ ਘਰ ਬੈਠੀਆਂ ਆਪਣੇ ਸੰਧਾਰਾ ਲੈ ਕੇ ਆਉਂਦੇ ਵੀਰ ਨੂੰ ਉਡੀਕਦੀਆਂ ਤੇ ਨਾਲ ਹੀ ਅੰਮੜੀ ਨੂੰ ਉਲਾਂਭਾ ਵੀ ਦਿੰਦੀਆਂ ਹਨ-



ਮਾਏਂ ਪੀੜ੍ਹੀ ਬੈਠੀਏ ਨੀਂ
ਧੀਆਂ ਕਿਉਂ ਦਿੱਤੀਆਂ ਦੂਰ
ਨੀਂ ਸਾਵਣ ਮਹੀਨਾ ਆ ਗਿਆ।

ਸਾਉਣ ਮਹੀਨੇ ਦਾ ਖੁਸ਼ਗਵਾਰ ਮੌਸਮ ਹਰ ਪਾਸੇ ਖ਼ੁਸ਼ੀਆਂ ਖੇੜੇ ਬਿਖੇਰ ਦਿੰਦਾ ਹੈ। ਜਦੋਂ ਕਾਲੇ ਬੱਦਲ ਗੱਜਦੇ ਹਨ ਤਾਂ ਹਰ ਰੂਹ ਨਸ਼ਿਆ ਜਾਂਦੀ ਹੈ। ਮੁਟਿਆਰਾਂ ਇਕੱਠੀਆਂ ਹੋ ਕੇ ਤੀਆਂ ਮਨਾਉਂਦੀਆਂ ਹਨ, ਪਿੱਪਲੀਂ ਪੀਂਘਾਂ ਪਾਉਂਦੀਆਂ ਹਨ। ਗਿੱਧੇ-ਭੰਗੜੇ ਪਾ ਗੱਭਰੂ-ਮੁਟਿਆਰਾਂ ਧਰਤੀ ਨੂੰ ਵੀ ਝੂੰਮਣ ਲਾ ਦਿੰਦੇ ਹਨ। ਕੁੜੀਆਂ ਲਈ ਪੇਕੇ ਘਰ ਇਹ ਤੀਆਂ ਦੇ ਦਿਨ ਮੇਲੇ ਵਰਗੇ ਹੁੰਦੇ ਹਨ। ਸਾਉਣ ਮਹੀਨੇ ਦੀਆਂ ਕਣੀਆਂ ਮੁਟਿਆਰਾਂ ਅੰਦਰ ਹੋਰ ਜੋਸ਼ ਭਰ ਦਿੰਦੀਆਂ ਹਨ ਤੇ ਉਹ ਨੱਚ-ਨੱਚ ਗਿੱਧੇ ਵਿੱਚ ਧਮਾਲਾਂ ਪਾ ਦਿੰਦੀਆਂ ਹਨ-

ਸਾਉਣ ਮਹੀਨਾ ਬੱਦਲ ਵਰ੍ਹਦਾ
ਨਿੰਮ੍ਹੀਆਂ ਪੈਣ ਫੁਹਾਰਾਂ
'ਕੱਠੀਆਂ ਹੋ ਕੇ ਆਈਆਂ ਗਿੱਧੇ ਵਿੱਚ
ਇੱਕੋ ਜਿਹੀਆਂ ਮੁਟਿਆਰਾਂ
ਗਿੱਧੇ ਦੇ ਵਿੱਚ ਲਿਸ਼ਕਣ ਏਦਾਂ
ਜਿਉਂ ਸੋਨੇ ਦੀਆਂ ਤਾਰਾਂ
ਦੂਹਰੀਆਂ ਹੋ ਕੇ ਨੱਚਣ ਲੱਗੀਆਂ
ਜਿਉਂ ਕੂੰਜਾਂ ਦੀਆਂ ਡਾਰਾਂ
ਜ਼ੋਰ ਜਵਾਨੀ ਦਾ
ਲੁੱਟ ਲਓ ਮੌਜ ਬਹਾਰਾਂ।

ਸਾਉਣ ਮਹੀਨੇ ਵਿੱਚ ਜਿੱਥੇ ਤੀਆਂ ਦਾ ਤਿਉਹਾਰ ਚਾਵਾਂ ਨਾਲ ਮਨਾਇਆ ਜਾਂਦਾ ਹੈ, ਉਥੇ ਹੀ ਰੱਖੜੀ ਦਾ ਪਵਿੱਤਰ ਤਿਉਹਾਰ ਵੀ ਇਸੇ ਮਹੀਨੇ ਮਨਾਇਆ ਜਾਂਦਾ ਹੈ। ਭੈਣ ਵੀਰ ਦੇ ਗੁੱਟ ਉੱਤੇ ਰੱਖੜੀ ਬੰਨ੍ਹ ਕੇ ਉਸ ਦੇ ਲਈ ਸੌ-ਸੌ ਦੁਆਵਾਂ ਮੰਗਦੀ ਹੈ ਤੇ ਵੀਰ ਉਸਦੀ ਸਾਰੀ ਉਮਰ ਹਿਫਾਜ਼ਤ ਕਰਨ ਦਾ ਵਚਨ ਦਿੰਦਾ ਹੈ। ਇਹ ਮਹੀਨੇ ਸ਼ਾਇਦ ਹੀ ਕੋਈ ਅਜਿਹਾ ਘਰ ਹੋਵੇਗਾ ਜਿੱਥੇ ਘਰ ਖੀਰ, ਪੂੜੇ, ਕੜਾਹ ਨਾ ਬਣਦਾ ਹੋਵੇ। ਇਸਦਾ ਜ਼ਿਕਰ ਤਾਂ ਲੋਕ ਗੀਤਾਂ ਵਿੱਚ ਵੀ ਮਿਲਦਾ ਹੈ-

ਸਾਉਣ ਮਹੀਨਾ, ਬੱਦਲ ਜ਼ੋਰ
ਵਰ੍ਹਦਾ ਮੀਂਹ, ਕਿਨਾਰੇ ਤੋੜ
ਤੀਆਂ, ਰੱਖੜੀਆਂ ਦੇ ਚਾਅ
ਖਾਈਏ ਪੂੜੇ, ਖੀਰ ਤੇ ਕੜਾਹ।

ਸਾਉਣ ਤੇ ਭਾਦੋਂ ਦੇ ਮਹੀਨੇ ਪੇਕਿਆਂ ਤੇ ਸਹੁਰਿਆਂ ਨਾਲ ਸਬੰਧਿਤ ਮੰਨੇ ਜਾਂਦੇ ਹਨ। ਸਾਉਣ ਦਾ ਮਹੀਨਾ ਜਿੱਥੇ ਪੇਕਿਆਂ ਨਾਲ ਮਿਲਾਉਂਦਾ ਹੈ। ਭੈਣਾਂ ਦਾ ਭਰਾਵਾਂ ਨਾਲ ਮੇਲ ਕਰਵਾਉਂਦਾ ਹੈ ਉਥੇ ਭਾਦੋਂ ਚੰਦਰੀ ਭੈਣ-ਭਰਾ ਵਿੱਚ ਵਿਛੋੜਾ ਪਾਉਂਦੀ ਹੈ ਕਿਉਂਕਿ ਮੁਕਲਾਵਾ ਤੋਰਨ ਲਈ ਭਾਦੋਂ ਦਾ ਮਹੀਨਾ ਮਿੱਥਿਆ ਗਿਆ ਹੈ। ਭਾਦੋਂ ਚੜ੍ਹਦੇ ਧੀਆਂ ਨੂੰ ਵਾਪਸ ਸਹੁਰੇ ਘਰ ਜਾਣਾ ਪੈਂਦਾ ਹੈ। ਇਸ ਦਾ ਜ਼ਿਕਰ ਸਾਡੇ ਲੋਕ ਗੀਤ ਵੀ ਕਰਦੇ ਹਨ-

ਚੜ੍ਹਿਆ ਸੀ ਸਾਉਣ
ਸਹੁਰਿਆਂ ਦਿੱਤੀਆਂ ਵੇ ਛੁੱਟੀਆਂ
ਚੜ੍ਹ ਗਈ ਭਾਦੋਂ
ਸਹੁਰੇ ਪਾਉਣ ਵੀਰ ਚਿੱਠੀਆਂ।

ਅੱਜ ਸਾਡਾ ਸਮਾਜ ਕਾਫ਼ੀ ਬਦਲ ਚੁੱਕਾ ਹੈ, ਜਿਸ ਕਾਰਨ ਰੀਤੀ-ਰਿਵਾਜ ਵੀ ਬਦਲ ਰਹੇ ਹਨ, ਪਰ ਧੀਆਂ ਲਈ ਸਾਉਣ ਮਹੀਨੇ ਦਾ ਮਹੱਤਵ ਅੱਜ ਵੀ ਉਹੀ ਹੈ, ਕਿਉਂਕਿ ਇਹ ਸਾਉਣ ਮਹੀਨਾ ਧੀਆਂ ਨੂੰ ਪੇਕੇ ਘਰ, ਪੇਕੇ ਪਿੰਡ ਨਾਲ ਮਿਲਾਉਂਦੇ ਹੈ। ਸਾਉਣ ਮਹੀਨੇ ਦਾ ਜੱਸ ਤਾਂ ਧੀਆਂ ਹਮੇਸ਼ਾਂ ਗਾਉਂਦੀਆਂ ਹਨ-

ਸ਼ੌਕ ਨਾਲ ਮੈਂ ਗਿੱਧੇ ਵਿੱਚ ਆਵਾਂ
ਬੋਲੀ ਪਾਵਾਂ ਸ਼ਗਨ ਮਨਾਵਾਂ
ਸਾਉਣ ਵੀਰਾ ਵੇ
ਮੈਂ ਤੇਰਾ ਜਸ ਗਿੱਧੇ ਵਿੱਚ ਗਾਵਾਂ।

# ਮਿੰਨੀ ਕਹਾਣੀ

## ਘਰ ਵਾਪਸੀ

-ਗੁਰਮੀਤ ਸਿੰਘ ਮਰਾੜ

ਮੈਂ ਥੱਕਿਆ ਤੇ ਖਿਝਿਆ ਜਿਹਾ ਦਫਤਰ ਤੋਂ ਆਇਆ ਸੀ। ਹੱਥਲਾ ਬੈਗ ਸੋਫੇ ਉੱਤੇ ਸੁੱਟ ਲੌਬੀ ਵਿੱਚ ਬੈਠ ਗਿਆ। ਕੋਲ ਬੇਟੀ ਬੈਠੀ ਟੀ ਵੀ ਉੱਤੇ ਕੋਈ ਸ਼ੋਅ ਵੇਖ ਰਹੀ ਸੀ। ਸ਼ੋਅ ਕੀ, ਕਾਮੇਡੀ ਦੇ ਨਾਂਅ ਉੱਤੇ ਘਟੀਆ ਸ਼ਬਦਾਵਲੀ ਅਤੇ ਗਿਰੀਆਂ ਹੋਈਆਂ ਹਰਕਤਾਂ। ਵੇਖ ਕੇ ਮੇਰੀ ਖਿੱਝ ਵੱਧ ਗਈ ਤਾਂ ਮੈਂ ਉਠ ਕੇ ਦੂਸਰੇ ਕਮਰੇ ਵਿੱਚ ਚਲਾ ਗਿਆ। ਘਰਵਾਲੀ ਚਾਹ ਲੈ ਕੇ ਆਈ ਤਾਂ ਮੇਰਾ ਗੁੱਸਾ ਉਸ ਉੱਤੇ ਫੁੱਟ ਪਿਆ, "ਇਹ ਕੀ ਬੱਚੀ ਨੂੰ ਲਾ ਕੇ ਦਿੱਤਾ ਹੈ? ਕੀ ਹੈ ਇਸ ਵਿੱਚ ਉਸ ਦੇ ਵੇਖਣ ਵਾਲਾ? ਕੱਲ੍ਹ ਨੂੰ ਇਸ ਦੀ ਦਾਦੀ ਆਵੇਗੀ ਤਾਂ ਇਹ ਉਸ ਨੂੰ ਇਹੋ ਜਿਹਾ ਸਮਝੇਗੀ? ਆਪਣੀ ਭੂਆ ਨੂੰ ਵੇਖ ਕੇ ਕੀ ਇਸ ਸ਼ੋਅ ਨਾਲ ਮਿਲਾਣ ਕਰੇਗੀ। ਉਨ੍ਹਾਂ ਨਾਲ ਸਾਹਮਣੇ ਇਹੋ ਜਿਹੀ ਹਰਕਤ ਕਰ ਦਿੱਤੀ ਤਾਂ ਸਾਡੀ ਕੀ ਇੱਜ਼ਤ ਰਹਿ ਜਾਵੇਗੀ, ਮਰਨ ਨਾ ਹੋ ਜਾਵੇਗਾ।" ਮੈਂ ਪਤਾ ਨਹੀਂ ਕੀ ਕੁਝ ਬੋਲ ਗਿਆ ਸੀ।

ਘਰਵਾਲੀ ਨੇ ਬੜੇ ਠਰ੍ਹੰਮੇ ਨਾਲ ਮੈਨੂੰ ਸ਼ਾਂਤ ਕਰਦਿਆਂ ਕਿਹਾ, "ਕੋਈ ਗੱਲ ਨਹੀਂ ਬੱਚੀ ਹੈ, ਸਮਝਾ ਦੇਵਾਂਗੀ। ਹਾਂ, ਪਰ ਇੱਕ ਗੱਲ ਸੁਣੋ। ਕੀ ਕਸੂਰ ਸਿਰਫ ਮੇਰਾ ਹੈ। ਤੁਸੀਂ ਆਪਣੀ ਜ਼ਿੰਮੇਵਾਰੀ ਬਾਰੇ ਕਦੇ ਸੋਚਿਆ ਹੈ। ਹਰ ਵੇਲੇ ਕੰਮ ਜਾਂ ਥਕਾਵਟ ਦਾ ਰੌਲਾ ਪਾਉਂਦੇ ਰਹਿੰਦੇ ਹੋ। ਵਿਹਲ ਹੁੰਦੀ ਹੈ ਤਾਂ ਦੋਸਤਾਂ ਨਾਲ ਮਹਿਫਲਾਂ ਲਾ ਬੈਠਦੇ ਹੋ। ਕੰਮ ਵੱਧ ਹੋਵੇ ਤਾਂ ਘਰ ਦਫਤਰ ਲਾ ਬੈਠਦੇ ਹੋ। ਰਾਤ ਨੂੰ ਦੋ ਪੈਗ ਲਾਏ ਤੇ ਸੌਂ ਗਏ। ਕਦੇ ਬੱਚੇ ਨਾਲ ਬੈਠੇ ਹੋ, ਖੇਡੇ ਹੋ, ਕਦੇ ਦਸ ਮਿੰਟ ਬੈਠ ਗੱਲ ਕੀਤੀ ਹੈ। ਮੈਂ ਘਰ ਦੇ ਸੌ ਕੰਮ ਕਰਨੇ ਹੁੰਦੇ ਹਨ। ਬੱਚੀ ਵਿਚਾਰੀ ਕੀ ਕਰੇ, ਆਖਰ ਟਾਈਮ ਪਾਸ ਕਰਨ ਲਈ ਉਸ ਨੇ ਵੀ ਕੁਝ ਕਰਨਾ ਹੈ।"

ਘਰਵਾਲੀ ਦੀ ਗੱਲ ਬਿਲਕੁਲ ਠੀਕ ਸੀ, ਮੈਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਅਗਲੇ ਦਿਨ ਮੈਂ ਦਫਤਰ ਤੋਂ ਨਿਕਲ ਸਿੱਧਾ ਘਰ ਆ ਗਿਆ। ਬੱਚੀ ਕੱਲ੍ਹ ਵਾਂਗ ਲੌਬੀ ਵਿੱਚ ਟੀ ਵੀ ਅੱਗੇ ਬੈਠੀ ਸੀ। ਮੈਂ ਸਿੱਧਾ ਬੈੱਡਰੂਮ ਵਿੱਚ ਚਲਾ ਗਿਆ। "ਪਾਪਾ, ਮੈਂ ਕੱਲ੍ਹ ਵਾਲਾ ਗੰਦਾ ਨਾਟਕ ਨਹੀਂ ਲਗਾਇਆ।" ਬੱਚੀ ਨੇ ਕੱਲ੍ਹ ਦੀ ਗੱਲ ਨੂੰ ਕਿੰਨਾ ਮਨ ਉੱਤੇ ਲਾ ਲਿਆ ਸੀ। "ਆ ਜਾ ਬੇਟਾ, ਆਪਾਂ ਗੱਲਾਂ ਕਰਦੇ ਹਾਂ।" ਮੈਂ ਆਪਣਾ ਬੈਗ ਖੋਲ੍ਹਦਿਆਂ ਕਿਹਾ, "ਮੇਰੇ ਕਹਿਣ ਦੀ ਦੇਰ ਸੀ ਕਿ ਬੱਚੀ ਮੇਰੇ ਗਲ ਨੂੰ ਆ ਚਿੰਬੜੀ, ਕਿੰਨੀ ਦੇਰ ਇਸ ਹਾਲਤ ਵਿੱਚ ਰਹੀ, ਪਤਾ ਨਹੀਂ ਉਸ ਨੂੰ ਕਿੰਨਾ ਸਕੂਨ ਮਿਲਿਆ ਸੀ, ਕਿੰਨੀ ਤੜਪ, ਕਿੰਨਾ ਪਿਆਰ ਸੀ ਉਸ ਦੇ ਅੰਦਰ।" ਮੈਂ ਉਸ ਨੂੰ ਬੁੱਕਲ ਵਿੱਚ ਲੈਂਦਿਆਂ ਲਿਫਾਫੇ ਵਿੱਚੋਂ ਗਿਰੀਆਂ ਕੱਢ ਉਸ ਨੂੰ ਖਵਾਉਣ ਲੱਗਾ। ਉਸ ਨੇ ਲਿਫਾਫਾ ਫੜ ਲਿਆ ਤੇ ਖਾਂਦੀ ਹੋਈ ਖੁਦ ਮੈਨੂੰ ਖਵਾਉਣ ਲੱਗੀ। ਇੱਕ ਗਿਰੀ ਆਪਣੇ ਮੂੰਹ ਪਾਉਂਦੀ ਤੇ ਦੋ-ਤਿੰਨ ਮੇਰੇ ਮੂੰਹ ਵਿੱਚ ਪਾ ਦਿੰਦੀ। ਮੇਰੀਆਂ ਅੱਖਾਂ ਨਮ ਹੋ ਗਈਆਂ। ਬੱਚਿਆਂ ਨੂੰ ਖਾਣ-ਪੀਣ ਦੀ ਨਹੀਂ, ਪਿਆਰ ਦੀ ਲੋੜ ਹੈ। ਇਸ ਤੋਂ ਬਾਅਦ ਮੇਰਾ ਰੁਟੀਨ ਬਦਲ ਗਿਆ। ਮੈਂ ਵਕਤ ਸਿਰ ਘਰ ਆਉਂਦਾ ਤੇ ਬੱਚੀ ਨੂੰ ਪੂਰਾ ਟਾਈਮ ਦੇਣ ਲੱਗਾ। ਮੇਰੇ ਆਉਣ ਸਮੇਂ ਉਹ ਵਿਹੜੇ ਵਿੱਚ ਖੇਡ ਰਹੀ ਹੁੰਦੀ, ਸ਼ਾਇਦ ਮੇਰੀ ਉਡੀਕ ਕਰ ਰਹੀ ਹੁੰਦੀ। ਟੀ ਵੀ ਅਤੇ ਮੋਬਾਈਲ ਵੇਖਣਾ ਤਾਂ ਕਦੋਂ ਦਾ ਬੰਦ ਹੋ ਚੁੱਕਿਆ ਸੀ।

# ਕਵਿਤਾ

ਕਦੇ ਕਦੇ ਮੈਂ ਸੋਚਦੀ ਹਾਂ, ਕੀ ਦੁਨੀਆਂ ਸਾਡੀ ਚਿੜੀਆਂ ਦੀ...?
ਕਿਉਂ ਟਿੱਚਰ ਕਰਦੀ ਜਰਦੀ ਨਾ, ਖੁਸ਼ੀ ਸਾਡੇ ਮੱਥੇ ਖਿੜੀਆਂ ਦੀ ਦੀ...?
ਰੱਬ ਦੀ ਜੀਅ ਹਾਂ ਥੋਡੇ ਵਾਂਗੂ, ਥੋਡੇ ਜਿਹੇ ਕਿਉਂ ਹੱਕ ਨਹੀਂ,
ਕਤਰੇ ਗਏ ਨੇ ਖੰਭ ਸਾਡੇ, ਇਸ ਗੱਲ ਦਾ ਭੋਰਾ ਸ਼ੱਕ ਨਹੀਂ...
ਜੇਹੀ ਰੰਗ ਵਿਚ ਰੰਗੀ ਦੁਨੀਆਂ, ਮੈਂ ਭਾਲ ਥੱਕੀਂ ਨਾ ਰੰਗ ਮਿਲੇ..
ਢਲ ਗਈ ਮੈਂ ਥੋਡੇ ਰੰਗ ਵਿਚ, ਮੈਨੂੰ ਨਾਗ਼ ਰੀਤਾਂ ਦੇ ਡੰਗ ਮਿਲੇ...
ਕਿਤੇ ਸਹਿਮੀ ਬੈਠੀ ਸੋਚੇ ਕੋਈ, ਕਿਉਂ ਰੀਝਾਂ ਦੇ ਰੰਗ ਰੰਗੀ ਨਹੀਂ..
ਜੇ ਥੋਡੇ ਸਾਂਚੇ ਢਲਣਾ ਸੀ, ਤਾਂ ਭਰੂਣ ਹੱਤਿਆਂ ਕਿਉਂ ਚੰਗੀ ਨਹੀਂ...?
ਓਹ ਧੀਆਂ ਧੀਆਂ ਨਹੀਂ ਹੁੰਦੀਆਂ, ਰੋਲਣ ਪੱਗ ਨੂੰ ਆਪੇ ਜੋ...
ਓਹ ਮਾਪੇ ਵੀ ਮਾਪੇ ਨਹੀਂ ਹੁੰਦੇ ,ਜਜ਼ਬਾਤ ਨਾ ਸਮਝਣ ਮਾਪੇ ਜੋ...
ਓਹ ਪੁੱਤ ਵੀ ਪੁੱਤ ਨਹੀ ਹੋ ਸਕਦੇ, ਜੋ ਮਾਂ ਭੈਣ ਦੀ ਗਾਲ ਕੱਢਣ,
ਬਣ ਕਰੋੜਪਤੀ ਕਿਰਤੀ ਪਿਓ ਭੁੱਲਿਆ, ਕਰ ਕੇ ਘਰੋਂ ਜੋ ਬੇਹਾਲ ਕੱਢਣ...
ਸੁੱਖਾਂ ਨਾਲ ਮੰਗੇ ਪੁੱਤ ਮਾਂ ਨੇ, ਢਲਦੀ ਉਮਰੇ ਬੇਗਾਨੇ ਹੋਣ ਜਦੋਂ,
ਮਾਂ ਨੇ ਤਾਂ ਪਾਗ਼ਲ ਹੋਣਾ ਈ ਆ, ਵਿਹੜੇ ਕੰਧਾਂ ਖੜ੍ਹੀਆਂ ਹੋਣ ਜਦੋਂ..
ਪੁੱਤ ਹੀ ਮਿੱਠੜੇ ਮੇਵੇ ਨੇ, ਤੇ ਪੁੱਤ ਹੀ ਬੇਗਾਨੇ ਹੁੰਦੇ ਨੇ,
ਧੀਆਂ ਲਈ ਮੱਥੇ ਵੱਟ ਹੁੰਦੇ, ਧੀਆਂ ਲੇਈ ਤਾਹਨੇ ਹੁੰਦੇ ਨੇ..
ਪੈਰੀਂ ਪਾਓ ਜੁੱਤੀ ਚਾਹੇ ਲੱਖਾਂ ਦੀ, ਤੁਰਨਾ ਤਾਂ ਪਰ ਜ਼ਮੀਨ ਤੇ ਆ,
ਕਫ਼ਨ ਖੱਦਰ ਤੋਂ ਵੱਧ ਔਕਾਤ ਨਹੀਂ, ਅੱਖ ਹਰਦਮ ਚਾਹੇ ਪਸ਼ਮੀਨ ਤੇ ਆ...
ਝੱਸੋ ਉੱਜੜੇ ਬੋਦੇ ਤੇਲ ਤੁਸੀ, ਕੀਤੇ ਖੁਦ ਨੂੰ ਹੀ ਨਾ ਉਜਾੜ ਦੇਵੇ,
ਖ਼ਾਬਾਂ ਵਾਲੀ ਕਿਤਾਬ ਦਾ ਪੰਨਾ ਪੰਨਾ, ਕੀਤੇ ਜਿਲਦਾ ਸੰਗ ਨਾ ਪਾੜ ਦੇਵੇ,
ਬੁਝਾਵੋ ਤੀਲ ਬਲਦੀ ਹੱਥ ਉਸਦੇ, ਕੀਤੇ ਬਾਗ਼ ਹੀ ਉਜਾੜ ਦੇਵੇ,
ਸਾੜ ਕੇ ਰੀਝ ਭੱਠੀ ਓਹ ਦੁਨੀਆਂ ਦੀ, ਕਿਤੇ ਖੁਦ ਨੂੰ ਹੀ ਨਾ ਸਾੜ ਦੇਵੇ...



ਹਰਜੋਤ ਸ਼ਾਇਰਾ ਬੀਨੇਵਾਲ



## ਦਿਨ ਦਿਹਾੜੇ ਗੋਲੀਆਂ ਮਾਰ ਕੇ ਨੌਜਵਾਨ ਦਾ ਕਤਲ

ਬਟਾਲਾ, 10 ਅਗਸਤ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਭਾਮ ਵਿੱਚ ਮਾਮੂਲੀ ਤਕਰਾਰ ਦੇ ਕਾਰਨ ਦਿਨ ਦਿਹਾੜੇ 23 ਸਾਲਾ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਕਸਬਾ ਹਰਚੋਵਾਲ ਹੇਠਲੇ ਪਿੰਡ ਭਾਮ ਦੇ ਨੌਜਵਾਨ ਨੂੰ ਮੋਟਰਸਾਈਕਲ ਸਵਾਰਾਂ ਵੱਲੋਂ ਘਰੋਂ ਬੁਲਾ ਕੇ ਮੋਟਰ ਉੱਤੇ ਲਿਜਾ ਕੇ ਚਾਰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜਿਸ ਵਿਅਕਤੀ ਨੇ ਗੋਲੀਆਂ ਮਾਰੀਆਂ, ਉਹ ਖੁਦ ਨੂੰ ਪੁਲਸ ਦੇ ਹਵਾਲੇ ਹੋ ਗਿਆ ਹੈ। ਵਰਨਣ ਯੋਗ ਹੈ ਕਿ ਇੱਕ ਹਫ਼ਤਾ ਪਹਿਲਾ ਮ੍ਰਿਤਕ ਗੁਰਪਿੰਦਰ ਸਿੰਘ ਦਾ ਇੱਕ ਲੜਕੇ ਨਾਲ ਝਗੜਾ ਹੋ ਗਿਆ ਸੀ, ਜਿਸ ਪਿੱਛੋਂ ਦੋਵਾਂ ਦਾ ਸਮਝੌਤਾ ਹੋ ਗਿਆ ਸੀ। ਇਸ ਬਾਰੇ ਮ੍ਰਿਤਕ ਦੇ ਪਿਤਾ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਕੱਲ੍ਹ ਸਵੇਰੇ ਉਨ੍ਹਾਂ ਦੇ ਘਰ ਦੋ ਮੋਟਰਸਾਈਕਲਾਂ ਉੱਤੇ ਸਵਾਰ ਹੋ ਕੇ ਕੁਝ ਨੌਜਵਾਨ ਆਏ, ਜੋ ਉਸਦੇ ਪੁੱਤਰ ਗੁਰਪਿੰਦਰ ਸਿੰਘ ਨੂੰ ਨਾਲ ਲੈ ਗਏ ਅਤੇ ਦੁਪਹਿਰ ਨੂੰ ਉਸ ਨੂੰ ਸੂਚਨਾ ਮਿਲੀ ਕਿ ਉਸ ਦੇ ਲੜਕੇ ਦੀ ਲਾਸ਼ ਬਟਾਲਾ ਰੋਡ ਦੀ ਇੱਕ ਮੋਟਰ ਉੱਤੇ ਪਈ ਹੈ ਅਤੇ ਜਿਸ ਵਿਅਕਤੀ ਨੇ ਉਸਦਾ ਕਤਲ ਕੀਤਾ ਹੈ, ਉਸਨੇ ਖੁਦ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ ਹੈ।

ਜਥੇਦਾਰ ਸਾਹਿਬ ਨੇ ਕਿਹਾ:

## ਜੇ ਸ਼੍ਰੋਮਣੀ ਕਮੇਟੀ ਦਾ ਬੋਰਡ ਬਣ ਗਿਆ ਤਾਂ ਕੁਝ ਨਹੀਂ ਕਰ ਸਕਾਂਗੇ

ਅੰਮ੍ਰਿਤਸਰ, 10 ਅਗਸਤ (ਪੋਸਟ ਬਿਊਰੋ)- ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇੱਕ ਸੰਖੇਪ ਪੱਤਰਕਾਰ ਮਿਲਣੀ ਦੌਰਾਨ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਦੇ ਦਰ ਉੱਤੇ ਆਉਂਦੀਆਂ ਸੰਗਤਾਂ ਲਈ ਜੋੜਾ ਘਰ, ਗੱਠੜੀ ਘਰ, ਮੋਟਰਸਾਈਕਲ ਤੇ ਸਾਈਕਲ ਪਾਰਕਿੰਗ ਦੀ ਪਹਿਲੀ ਮੰਜ਼ਿਲ ਦੇ ਲੈਂਟਰ ਦੀ ਆਰੰਭਤਾ ਹੋ ਰਹੀ ਹੈ।

ਇਸ ਮੌਕੇ ਸਵਾਲਾਂ ਦੇ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਕੁਝ ਲੋਕ ਇਸ ਦੀ ਖੁਦਾਈ ਸਮੇਂ ਨਿਕਲੀ ਸੁਰੰਗਨੁਮਾ ਇਮਾਰਤ ਕਾਰਨ ਵਿਰੋਧ ਕਰ ਰਹੇ ਹਨ, ਜਦ ਪਹਿਲਾਂ ਹੀ ਮੈਨੇਜਰ ਸ੍ਰੀ ਦਰਬਾਰ ਸਾਹਿਬ ਨੇ ਕਹਿ ਦਿੱਤਾ ਸੀ ਕਿ ਇਸ ਨੂੰ ਬਿਲਕੁਲ ਨਹੀਂ ਛੇੜਿਆ ਜਾਵੇਗਾ ਤਾਂ ਇਸਦਾ ਵਿਰੋਧ ਕਰਨਾ ਤੇ ਬੇਲੋੜਾ ਵਿਵਾਦ ਕਰਨਾ ਨਹੀਂ ਬਣਦਾ। ਇਸੇ ਤਰ੍ਹਾਂ ਗੁਰੂ ਰਾਮਦਾਸ ਸਰਾਂ ਦਾ ਮਸਲਾ ਉਠਿਆ, ਜਿਸ ਲਈ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਕਹਿ ਦਿੱਤਾ ਕਿ ਇਸ ਇਮਾਰਤ ਦੀ ਹਾਲਤ ਖਸਤਾ ਹੋ ਚੁੱਕੀ ਹੈ ਤੇ ਇਸ ਨੂੰ ਠੀਕ ਕਰਨ ਲਈ ਸੰਗਤਾਂ ਦੀਆਂ ਭਾਵਨਾਵਾਂ ਤੇ ਮਰਿਆਦਾ ਦਾ ਖਿਆਲ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ



ਸਰਕਾਰੀ ਏਜੰਸੀਆਂ ਸ਼੍ਰੋਮਣੀ ਕਮੇਟੀ ਨੂੰ ਤੋੜਨਾ ਚਾਹੁੰਦੀਆਂ ਹਨ, ਇਸ ਨੂੰ ਸੰਭਾਲ ਕੇ ਰੱਖਣਾ ਕੌਮ ਦਾ ਫ਼ਰਜ਼ ਹੈ। ਜਿਹੜੇ ਵਿਰੋਧ ਕਰਦੇ ਹਨ, ਉਹ ਸੰਸਥਾ ਦੇ ਅਕਸ ਨੂੰ ਖ਼ਰਾਬ ਕਰਨਾ ਚਾਹੁੰਦੇ ਹਨ। ਉਨ੍ਹਾ ਦਸਿਆ ਕਿ ਸ੍ਰੀ ਹਜ਼ੂਰ ਸਾਹਿਬ ਬੋਰਡ ਬਣਿਆ ਤਾਂ 17 ਮੈਂਬਰ ਚੁਣ ਕੇ ਆਉਂਦੇ ਸੀ, ਮਹਾਰਾਸ਼ਟਰ ਸਰਕਾਰ ਨੇ ਆਪਣਾ ਪ੍ਰਧਾਨ ਥਾਪਣਾ ਸ਼ੁਰੂ ਕਰ ਦਿੱਤਾ ਹੈ। ਇਸੇ ਤਰ੍ਹਾਂ ਤਖ਼ਤ ਪਟਨਾ ਸਾਹਿਬ ਦਾ ਨਵਾਂ ਬੋਰਡ ਬਣ ਰਿਹਾ ਹੈ, ਸ਼ਾਇਦ ਓਥੇ ਵੀ ਇਹੋ ਜਿਹੀਆਂ ਤਬਦੀਲੀਆਂ ਆ ਜਾਣ ਕਿ ਉਹ ਵੀ ਸਰਕਾਰ ਦੀ ਗ੍ਰਿਫ਼ਤ ਵਿੱਚ ਆ ਜਾਵੇ। ਉਨ੍ਹਾਂ ਨੇ ਵਿਰੋਧੀਆਂ ਨੂੰ ਕਿਹਾ ਕਿ ਜੇ ਸ਼੍ਰੋਮਣੀ ਕਮੇਟੀ ਦਾ ਵੀ ਬੋਰਡ ਬਣ ਗਿਆ ਤਾਂ ਇਹ ਸਰਕਾਰ ਦੀ ਗ੍ਰਿਫ਼ਤ ਵਿੱਚ ਆ ਜਾਵੇਗੀ। ਉਨ੍ਹਾਂ ਕਿਹਾ ਕਿ ਜੇ ਸ਼੍ਰੋਮਣੀ ਕਮੇਟੀ ਕਾਇਮ ਰਹੀ ਤਾਂਕੱਲ੍ਹ ਨੂੰ ਤੁਸੀਂ ਵੀ ਪ੍ਰਧਾਨ ਬਣ ਸਕਦੇ ਹੋ, ਇਸ ਲਈ ਵਿਰੋਧ ਕਰਨ ਤੋਂ ਗੁਰੇਜ਼ ਕੀਤਾ ਜਾਵੇ।

ਬੀਤੇ ਦਿਨੀਂ ਕੁਰਕੂਸ਼ੇਤਰ ਵਿੱਚ ਕਿਸਾਨਾਂ ਨੇ ਇੱਕ ਸੰਮੇਲਨ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਸ਼ਾਮਲ ਹੋਏ ਸਨ ਤੇ ਉਸ ਦੌਰਾਨ ਕੁਝ ਲੋਕਾਂ ਨੇ ਗਾਤਰੇ ਪਾ ਕੇ ਵਿਘਨ ਪਾਉਣ ਦਾ ਯਤਨ ਕੀਤਾ ਸੀ। ਓਦੋਂ ਹਰਿਆਣਾ ਦੇ ਸਿੱਖ ਨੌਜਵਾਨਾਂ ਨੇ ਉਨ੍ਹਾਂ ਸ਼ਰਾਰਤੀ ਅਨਸਰਾਂ ਨੂੰ ਫੜਿਆ, ਪਰ ਹਰਿਆਣਾ ਸਰਕਾਰ ਨੇ ਉਨ੍ਹਾਂ ਉੱਤੇ ਕੋਈ ਕਾਰਵਾਈ ਨਹੀਂ ਕੀਤੀ, ਜਿਸ ਦਾ ਨਤੀਜਾ ਇਹ ਹੈ ਕਿ ਉਲਟਾ ਉਨ੍ਹਾਂ ਸ਼ਰਾਰਤੀ ਅਨਸਰਾਂ ਨੇ ਸਿੱਖ ਆਗੂਆਂ ਉੱਤੇ ਪਰਚਾ ਦਰਜ ਕਰਵਾਇਆ ਅਤੇ ਦੁਬਾਰਾ ਧਮਕੀ ਦਿੱਤੀ ਹੈ ਕਿ ਉਹ 21 ਤਰੀਕ ਨੂੰ ਫਿਰ ਗਾਤਰੇ ਪਾ ਕੇ ਕੁਰੂਕੁਸ਼ੇਤਰ ਦੀ ਧਰਤੀ ਉੱਤੇ ਗੁਰ-ਦੁਆਰਾ ਸਾਹਿਬ ਵਿਖੇ ਪਹੁੰਚਣਗੇ। ਉਨ੍ਹਾਂ ਕਿਹਾ ਕਿ ਦੇਵ ਸੈਨਾ ਨਾਮ ਦੀ ਇਸ ਜਥੇਬੰਦੀਨੂੰ ਹਰਿਆਣਾ ਸਰਕਾਰ ਨੂੰ ਨਕੇਲ ਪਾਉਣੀ ਚਾਹੀਦੀ ਹੈ ਕਿਉਂਕਿ ਇਹ ਜਥੇਬੰਦੀ ਹਿੰਦੂ-ਸਿੱਖ ਭਾਈਚਾਰੇ ਨੂੰ ਆਪੋ ਵਿੱਚ ਲੜਾ ਰਹੀ ਹੈ।

## ਭਾਜਪਾ ਨੇ ਬੀਬੀ ਰਾਮੂਵਾਲੀਆ ਨੂੰ ਸੂਬਾ ਪੱਧਰ ਦੀ ਬੁਲਾਰਾ ਬਣਾਇਆ

ਅੰਮ੍ਰਿਤਸਰ, 10 ਅਗਸਤ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਪੰਜਾਬ ਨੇ ਅਗਲੀਆਂ ਵਿਧਾਨ ਸਭਾ ਚੋਣਾਂ ਵੱਲ ਵੇਖ ਕੇ ਆਪਣੇ ਜਥੇਬੰਧਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਨਵੀਆਂ ਨਿਯੁਕਤੀਆਂ ਕੀਤੀਆਂ ਹਨ।

ਇਸ ਸੰਬੰਧ ਵਿੱਚ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸੂਬਾ ਬੁਲਾਰੇ ਤੋਂ ਇਲਾਵਾ ਟੀ ਵੀ ਬਹਿਸ ਲਈ ਪੈਨਲਿਸਟ, ਸੂਬਾ ਸਾਬਕਾ ਸਰਵਿਸਮੈਨ ਸੈਲ ਕਨਵੀਨਰ ਅਤੇ ਜ਼ਿਲ੍ਹਾ ਪ੍ਰਧਾਨਾਂ ਦੀ ਨਿਯੁਕਤੀ ਕੀਤੀ ਹੈ। ਭਾਜਪਾ ਦੇ ਸੂਬਾ ਜਨਰਲ ਸੈਕਟਰੀ ਜੀਵਨ ਗੁਪਤਾ ਨੇ ਦੱਸਿਆ ਕਿ ਪੰਜਾਬ ਵਿੱਚ ਭਾਜਪਾ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਲਈ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸ੍ਰੀਮਤੀ ਅਮਨਜੋਤ ਕੌਰ ਰਾਮੂਵਾਲੀਆ ਨੂੰ ਪੰਜਾਬ ਬੁਲਾਰਾ ਬਣਾਇਆ ਹੈ। ਇਸੇ ਤਰ੍ਹਾਂ ਪੈਨਲਿਸਟ ਲਈ ਚੇਤਨ ਜੋਸ਼ੀ, ਸੂਬਾ ਸਾਬਕਾ ਸਰਵਿਸਮੈਨ ਸੈਲ ਦੇ ਕਨਵੀਨਰ ਵਜੋਂ ਸੁਭਾਸ਼ ਕੁਮਾਰ ਦੱਦੇਵਾਲ, ਮਜੀਠਾ ਦੇ ਜ਼ਿਲ੍ਹਾ ਪ੍ਰਧਾਨ ਵਜੋਂ ਸਤਿੰਦਰ ਸਿੰਘ ਮਾਕੋਵਾਲ, ਖੰਨਾ ਦੇ ਜ਼ਿਲ੍ਹਾ ਪ੍ਰਧਾਨ ਲਈ ਰਜਨੀਸ਼ ਬੇਦੀ ਅਤੇ ਪਟਿਆਲਾ ਦਿਹਾਤੀ ਦੱਖਣੀ ਦੇ ਕਾਰਜਕਾਰੀ ਜ਼ਿਲ੍ਹਾ ਪ੍ਰਧਾਨ ਵਜੋਂ ਪਵਿੰਦਰ ਸਿੰਘ ਸ਼ਿੰਟਾਵਾਲੀਆ ਨੂੰ ਨਿਯੁਕਤ ਕੀਤਾ ਹੈ।

## ਦਰਬਾਰ ਸਾਹਿਬ ਨੂੰ ਚੁਣੌਤੀ ਦੇਣ ਵਾਲੇ ਗਾਇਕ ਕੁਲਦੀਪ ਰੰਧਾਵੇ ਉੱਤੇ ਕੇਸ ਦਰਜ

ਚੌਕ ਮਹਿਤਾ, 10 ਅਗਸਤ (ਪੋਸਟ ਬਿਊਰੋ)- ਪਿੰਡ ਦਿਆਲਗੜ੍ਹ ਵਿਖੇ ਇੱਕ ਡੇਰੇ ਉੱਤੇ ਹੋਏ ਸਮਾਗਮ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਲੱਗੇ ਅਖਾੜੇ ਵਿੱਚ ਕਲਾਕਾਰ ਕੁਲਦੀਪ ਰੰਧਾਵੇ ਵੱਲੋਂ ਸਿੱਖਾਂ ਦੇ ਕੇਂਦਰੀ ਅਸਥਾਨ ਦਰਬਾਰ ਸਾਹਿਬ ਨੂੰ ਚੁਣੌਤੀ ਦਿੰਦਿਆਂ ਬੋਲੇ ਗਏ ਅਪਸ਼ਬਦਾਂ ਦਾ ਨੋਟਿਸ ਲੈਂਦਿਆਂ ਦਮਦਮੀ ਟਕਸਾਲ ਅਜਨਾਲਾ ਦੇ ਮੁੱਖ ਸੇਵਾਦਾਰ ਅਮਰੀਕ ਸਿੰਘ ਅਜਨਾਲਾ, ਗੁਰੂ ਗ੍ਰੰਥ ਸਾਹਿਬ ਸਤਿਕ-ਾਰ ਕਮੇਟੀ ਗੱਗੋਬੂਹਾ ਦੇ ਪ੍ਰਧਾਨ ਤਰਲੋਚਨ ਸਿੰਘ ਸੋਹਲ, ਸਰੂਪ ਸਿੰਘ ਭੁੱਚਰ ਅਤੇ ਹੋਰਨਾਂ ਨੇ ਗੁਰਦੁਆਰੇ



ਦੀ ਪ੍ਰਬੰਧਕ ਕਮੇਟੀ ਤੇ ਉਸ ਕਲਾਕਾਰ ਦੇ ਖ਼ਿਲਾਫ਼ ਬੁੱਟਰ ਚੌਕੀ ਥਾਣਾ ਮਹਿਤਾ ਵਿਖੇ ਆਈ ਪੀ ਸੀ ਦੀ ਧਾਰਾ 295 ਦਾ ਮਾਮਲਾ ਦਰਜ ਕਰਵਾ ਦਿੱਤਾ ਹੈ।

ਇਸ ਬਾਰੇ ਭਾਈ ਅਮਰੀਕ ਸਿੰਘ ਅਜਨਾਲਾ ਨੇ ਕਿਹਾ ਕਿ ਕਲਾਕਾਰ ਕੁਲਦੀਪ ਰੰਧਾਵਾ ਵੱਲੋਂ ਸ੍ਰੀ ਦਰਬਾਰ ਸਾਹਿਬ ਨੂੰ ਚੁਣੌਤੀ ਦੇਣ ਦੇ ਨਾਲ ਇਸ ਨੇ ਪੰਜ ਪਿਆਰਿਆਂ ਦੇ ਉਲਟ ਮਰਿਆਦਾ ਖ਼ਿਲਾਫ਼ ਵੀ ਬੋਲਿਆ ਹੈ, ਜਿਸ ਦੇ ਪੱਕੇ ਸਬੂਤ ਉਨ੍ਹਾਂ ਕੋਲ ਹਨ। ਇਸ ਬਾਰੇ ਉਨ੍ਹਾਂ ਨੇ ਚੌਕੀ ਬੁੱਟਰ ਕਲਾਂ ਵਿਖੇ ਲਿਖਤੀ ਸ਼ਿਕਾਇਤ ਕੀਤੀ ਸੀ, ਜਿਸ ਤੋਂ ਬਾਅਦ ਪੁਲਸ ਨੇ ਗਾਇਕ ਕੁਲਦੀਪ ਰੰਧਾਵਾ, ਗੁਰਦਵਾਰੇ ਦੀ ਕਮੇਟੀ ਦੇ ਪ੍ਰਧਾਨ ਗੁਲਜ਼ਾਰ ਸਿੰਘ ਟਪਿਆਲਾ, ਸਟੇਜ ਸੈਕਟਰੀ ਸਤਨਾਮ ਸਿੰਘ ਦਿਆਲਗੜ੍ਹ ਸਮੇਤ ਕੁਝ ਹੋਰ ਮੈਂਬਰਾਂ ਉੱਤੇ ਮਾਮਲਾ ਦਰਜ ਕਰ ਲਿਆ ਹੈ।

## ਅਦਾਰਾ ਲੋਹਮਣੀ ਨੇ ਸਵ: ਨਛੱਤਰ ਕੌਰ ਗਿੱਲ ਯਾਦਗਾਰੀ ਸਲਾਨਾ ਸਮਾਗਮ ਕਰਵਾਇਆ

-ਲੈਕਚਰਾਰ ਅਵਤਾਰ ਸਿੰਘ ਜਗਰਾਓਂ, ਕਵੀ ਪਰਸ਼ੋਤਮ ਪੱਤੋ ਅਤੇ ਗੁਰਮੇਲ ਬੌਡੇ ਸਨਮਾਨਿਤ

ਮੋਗਾ, 11 ਅਗਸਤ(ਪੋਸਟ ਬਿਓਰੋ) ਅੰਤਰਰਾਸ਼ਟਰੀ ਲੇਖਕ ਪਾਠਕ ਵਿਚਾਰ ਮੰਚ ਦੇ ਅਦਾਰਾ ਲੋਹਮਣੀ ਵੱਲੋਂ ਸਵ: ਨਛੱਤਰ ਕੌਰ ਗਿੱਲ ਯਾਦਗਾਰੀ ਸਲਾਨਾ ਸਾਹਿਤਕ ਸਮਾਗਮ ਸੁਤੰਤਰਤਾ ਸੰਗਰਾਮੀ ਹਾਲ ਮੋਗਾ ਵਿਖੇ ਕਰਵਾਇਆ ਗਿਆ । ਪ੍ਰਧਾਨਗੀ ਮੰਡਲ ਵਿੱਚ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ, ਕੇਐੱਲ ਗਰਗ, ਨਿਰੰਜਣ ਬੋਹਾ, ਮੈਡਮ ਨਿਰਮਲਜੀਤ ਕੌਰ, ਪ੍ਰੋਫੈਸਰ ਸੁਰਜੀਤ ਸਿੰਘ ਕਾਉਕੇ ਅਤੇ ਗੁਰਚਰਨ ਸਿੰਘ ਸੰਘਾ ਸੁਸ਼ੋਭਤ ਸਨ। ਸਮਾਗਮ ਦੀ ਸੁਰੂਆਤ ਕਰਦਿਆਂ ਮੈਡਮ ਕਰਮਜੀਤ ਕੌਰ ਨੇ ਅਦਾਰਾ ਲੋਹਮਣੀ ਦੇ ਸੰਚਾਲਕ ਤੇ ਮੈਨੇਜਿੰਗ ਡਾਇਰੈਕਟਰ ਲੇਖਕ ਨਛੱਤਰ ਸਿੰਘ ਗਿੱਲ ਕੈਨੇਡਾ ਵੱਲੋਂ ਭੇਜੇ ਸੁਨੇਹੇ ਨੂੰ ਪਾਠਕਾਂ ਦੇ ਰੂਬਰੂ ਕੀਤਾ ਜਿਸ ਰਾਹੀਂ ਲੋਹਮਣੀ ਮੈਗਜ਼ੀਨ ਦੇ ਉਦੇਸ਼ਾਂ ਦੀ ਪੂਰਤੀ ਅਤੇ ਇਸਦੇ ਨਿਰੰਤਰ ਪ੍ਰਚਾਰ, ਪ੍ਰਸਾਰ ਅਤੇ ਸੋਚ ਤੇ ਪਹਿਰਾ ਦਿੰਦਿਆਂ ਅਗਲੇ ਸਾਲ ਦੀ ਰੂਪ ਰੇਖਾ ਬਾਰੇ ਸੁਝਾਉ ਪੇਸ਼ ਕੀਤੇ। ਸਹਿ ਸੰਪਾਦਕ ਡਾ. ਸੁਰਜੀਤ ਬਰਾੜ ਅਤੇ ਗੁਰਮੇਲ ਬੌਡੇ ਨੇ ਕਿਹਾ ਕਿ ਲੋਹਮਣੀ ਮੈਗਜ਼ੀਨ ਦੀ ਨਿਰੰਤਰ ਸੋਚ ਲੋਕ ਸੰਗਰਾਮਾਂ ਨੂੰ ਪਰਚੰਡ ਕਰਕੇ ਅਗਾਂਹਵਧੂ ਤੇ ਨਵੀਂ ਸੋਚ ਦੇ ਪ੍ਰਤੀਕ ਲੇਖਕਾਂ ਦੀ ਤਰਜਮਾਨੀ



ਕਰਦੀ ਸਰਮਾਏਦਾਰੀ ਸਿਤਮਾਂ ਦੀ ਗੱਲ ਤੋਰਦੀ ਹੈ।

ਇਸ ਮੌਕੇ ਬਲਦੇਵ ਸਿੰਘ ਸੜਕਨਾਮਾ , ਹਾਸ ਵਿਅੰਗ ਲੇਖਕ ਕੇ ਐਲ ਗਰਗ ਅਤੇ ਨਿਰੰਜਨ ਬੋਹਾ ਨੇ ਕਿਸਾਨੀ ਸੰਘਰਸ਼ ਪ੍ਰਤੀ ਕੇਂਦਰ ਸਰਕਾਰ ਦੀ ਬੇਰੁਖ਼ੀ ਤੇ ਚੋਟ ਕਰਦਿਆਂ ਕਿਹਾ ਕਿ ਕਿਸਾਨਾਂ ਦੀ ਆਰਥਿਕ ਨਬਜ਼ ਪੂੰਜੀਪਤੀਆਂ ਤੇ ਸਰਮਾਇਦਾਰਾਂ ਦੇ ਹੱਥ ਵਿੱਚ ਹੈ ਪਰ ਸਮੇਂ ਦੀ ਲੋੜ ਹੈ ਕਿ ਉਤਪਾਦਨ ਦੇ ਸਾਧਨ ਕਿਰਤੀਆਂ ਤੇ ਮਜ਼ਦੂਰਾਂ ਦੇ ਹੱਥਾਂ ਵਿੱਚ ਹੋਣੇ ਚਾਹੀਦੇ ਹਨ। ਇਸ ਮੌਕੇ ਅਦਾਰਾ ਲੋਹਮਣੀ ਵੱਲੋਂ ਲੈਕਚਰਾਰ ਅਵਤਾਰ ਸਿੰਘ ਜਗਰਾਓਂ, ਕਵੀ ਪਰਸ਼ੋਤਮ ਪੱਤੋ ਅਤੇ ਸੰਪਾਦਕੀ ਮੰਡਲ ਮੈਂਬਰ ਗੁਰਮੇਲ ਬੌਡੇ ਨੂੰ ਮੈਮੰਟੋ, ਸ਼ਾਲ ਤੇ ਨਕਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ। ਸਮਾਗਮ ਦੌਰਾਨ ਨਛੱਤਰ ਸਿੰਘ ਗਿੱਲ ਦੀਆਂ ਦੋ ਪੁਸਤਕਾਂ 'ਬਾਤਾਂ- ਬਤੌਲੀਆਂ ਤੇ ਨਾਸੀਰੂਦੀਨ ਦੇ ਪਟਾਕੇ' ਅਤੇ 'ਵਿਸਰੀਆਂ ਵਿਰਾਗਣਾਂ' ਅਤੇ ਅਮਰ 'ਸੂਫੀ' ਦੀ ਪੁਸਤਕ ਦੋਹੇ 'ਰਾਜ ਕਰੇਂਦੇ ਰਾਜਿਆ' ਮੈਡਮ ਗੁਰਸ਼ਰਨ ਕੌਰ ਦੀ ਪੁਸਤਕ 'ਮਾਲਵੇ ਦੇ ਲੋਕ ਗੀਤ', ਪਰਵਿੰ-ਦਰ ਗੋਗੀ ਦਾ ਕਾਵਿ ਸੰਗ੍ਰਹਿ 'ਤਾਰਿਆਂ ਦੇ ਪਾਰ', 'ਬਲਰਾਜ ਬਰਾੜ ਚੋਟੀਆਂ ਥੋਬਾ ਦਾ ਨਾਵਲ 'ਭਲਵਾਨ ਦੀ ਕੰਟੀਨ ਅਤੇ ਹਰਬੰਸ ਸਿੰਘ ਅਖਾੜਾ ਦਾ ਕਹਾਣੀ ਸੰਗ੍ਰਹਿ 'ਆਂਦਰਾਂ ਦਾ ਸੇਕ' ਅਤੇ ਲੋਹਮਣੀ ਮੈਗਜ਼ੀਨ ਦਾ 54 ਵਾਂ ਅੰਕ ਆਦਿ ਲੋਕ ਅਰਪਣ ਕੀਤੀਆਂ ਗਈਆਂ। ਸਮਾਗਮ ਦੇ ਦੂਜੇ ਦੌਰ ਵਿੱਚ ਕਵੀ ਦਰਬਾਰ ਦਾ ਸੰਚਾਲਨ ਕਾਵਿਮਈ ਸ਼ੈਲੀ ਵਿੱਚ ਸੁਹਿਰਦ ਸ਼ਾਇਰ ਚਰਨਜੀਤ ਗਿਲ਼ ਸਮਾਲਸਰ ਨੇ ਕੀਤਾ। ਜਿਸ ਵਿੱਚ ਨਾਮਵਰ ਕਵੀ ਅਮਰ ਸੂਫ਼ੀ ,ਪਰਸ਼ੋਤਮ ਪੱਤੋ, ਬਲਵਿੰਦਰ ਫਿੱਡੇ, ਕਰਮ ਸਿੰਘ ਕਰਮ, ਅਵਤਾਰ ਜਗਰਾਓਂ, ਹਰਬੰਸ ਸਿੰਘ ਅਖਾੜਾ, ਮੰਗਲ ਮੀਤ, ਆਤਮਾ ਸਿੰਘ ਆਲਮਗੀਰ, ਬਲਬੀਰ ਪਰਦੇਸੀ, ਪਰਮਜੀਤ ਚੂਹੜਚੱਕ, ਕੁਲਦੀਪ ਚਿਰਾਗ,ਦਿਲਬਾਗ ਬੁੱਕਣਵਾਲਾ, ਜੰਗੀਰ ਖੋਖਰ, ਸੁਰਜੀਤ ਸਿੰਘ ਕਾਉਕੇ, ਸੀਰਾ ਗਰੇਵਾਲ, ਹਰਵਿੰਦਰ ਰੋਡੇ, ਗੁਰਦੀਪ ਲੋਪੋ, ਸ਼ਵੀ ਢਿੱਲੋਂ, ਜਸਵੀਰ ਕਲਸੀ, ਜਸਵੰਤ ਰਾਊਕੇ, ਪ੍ਰੇਮ ਕੁਮਾਰ, ਮਲੂਕ ਸਿੰਘ ਧਾਮੀ ਗਿੱਲ, ਹਰਵਿੰਦਰ ਧਾਲੀਵਾਲ, ਹਰਨੇਕ ਸਿੰਘ ਨੇਕ, ਆਤਮਾ ਸਿੰਘ ਚੜਿੱਕ, ਅਰੁਨ ਸ਼ਰਮਾ, ਦੇਵਯਾਂਸ ਅਵੀ, ਰਣਜੀਤ ਸਰਾਂਵਾਲੀ, ਡਾ: ਸੁਰਜੀਤ ਬਰਾੜ ,ਅਮਰਜੀਤ ਰਣੀਆਂ, ਗੁਰਪ੍ਰੀਤ ਧਰਮਕੋਟ, ਲਖਵੀਰ ਸੰਘਰੇੜੀ, ਰਾਮ ਮੱਲ ਕੇ, ਪਿਆਰਾ ਸਿੰਘ ਚਾਹਲ, ਬਲਦੇਵ ਢਿੱਲੋ, ਸਾਧੂ ਸਿੰਘ ਬਰਾੜ, ਜਗਤ ਰਾਮ, ਗੁਰਮੀਤ ਹਮੀਰਗੜ੍ਹ, ਨਿਰਮਲ ਘੱਲ ਕਲਾਂ, ਕਰਮਜੀਤ ਕੌਰ, ਗੁਰਸ਼ਰਨ ਕੌਰ, ਨਿਰਮਲਜੀਤ ਕੌਰ, ਰਾਜਿੰਦਰ ਸੋਢੀ ਆਦਿ ਨੇ ਖੂਬਸੂਰਤ ਕਲਾਮ ਪੇਸ਼ ਕੀਤੇ।ਸਮਾਗਮ ਸਮੇਂ ਡਾਕਟਰ ਚਮਨ ਲਾਲ ਸਚਦੇਵਾ ਗਿਆਨ ਸਿੰਘ ਸਾਬਕਾ ਡੀਪੀਆਰ ਓ, ਡਾ: ਧਨਵੰਤ ਸਿੰਘ, ਡਾ: ਹਰਨੇਕ ਰੋਡੇ ਆਦਿ ਹਾਜ਼ਰ ਸਨ । ਅਖੀਰ ਵਿੱਚ ਜੰਗੀਰ ਸਿੰਘ ਖੋਖਰ ਅਤੇ ਗੁਰਚਰਨ ਸਿੰਘ ਸੰਘਾ ਨੇ ਸਮੂਹ ਲੇਖਕਾਂ ਤੇ ਪਾਠਕਾਂ ਦਾ ਧੰਨਵਾਦ ਕੀਤਾ।

## ਹੋਟਲ ਤਾਜ ਤੋਂ ਬਠਿੰਡੇ ਦੇ ਡਾਕਟਰ ਦੀ 10 ਲੱਖ ਦੀ ਜਿਊਲਰੀ ਚੋਰੀ

ਚੰਡੀਗੜ੍ਹ, 10 ਅਗਸਤ (ਪੋਸਟ ਬਿਊਰੋ)- ਹੋਟਲ ਤਾਜ ਵਿੱਚ ਬਠਿੰਡਾ ਦੇ ਇੱਕ ਡਾਕਟਰ ਦੀ 10 ਤੋਂ 12 ਲੱਖ ਰੁਪਏ ਦੀ ਜਿਊਲਰੀ ਚੋਰੀ ਹੋ ਗਈ। ਇਸ ਬਾਰੇ ਡਾਕਟਰ ਦੁਸ਼ਿਅੰਤ ਸ਼ਰਮਾ ਨੇ ਸੈਕਟਰ-17 ਦੇ ਥਾਣੇ ਵਿੱਚ ਸ਼ਿਕਾਇਤ ਦਿੱਤੀ ਸੀ। ਪੁਲਸ ਨੇ ਕੱਲ੍ਹ ਹੋਟਲ ਦੇ ਅਣਪਛਾਤੇ ਸਟਾਫ ਉੱਤੇ ਚੋਰੀ ਦਾ ਕੇਸ ਦਰਜ ਕਰ ਲਿਆ ਹੈ।

ਇੰਸਪੈਕਟਰ ਰਾਮ ਰਤਨ ਨੇ ਕਿਹਾ ਕਿ ਘਟਨਾ ਵਾਲੇ ਦਿਨ ਦੀ ਸੀ ਸੀ ਟੀ ਵੀ ਫੁਟੇਜ ਚੈਕ ਕਰਨ ਲਈ ਮੰਗੀ ਹੈ, ਜਿਸ ਤੋਂ ਪਤਾ ਲੱਗੇਗਾ ਕਿ ਡਾਕਟਰ ਦੇ ਜਾਣ ਪਿੱਛੋਂ ਸਭ ਤੋਂ ਪਹਿਲਾਂ ਰੂਮ ਵਿੱਚ ਕੌਣ ਗਿਆ ਅਤੇ ਕਿੰਨੀ ਦੇਰ ਬਾਅਦ ਆਇਆ ਸੀ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਲੇਡੀ ਵਰਕਰ ਦੀ ਲੋੜ

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

ਹੈਂਡੀਮੈਨ ਦੀ ਲੋੜ

ਪਲੰਬਿੰਗ, ਇਲੈਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

ਸੰਪਰਕ: 416-816-1695

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

ਨੈਨੀ ਦੀ ਲੋੜ

ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।

ਸੰਪਰਕ ਕਰੋ:
416556
6884

ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਸੰਪਰਕ: 647-205-5909, 416-618-3358

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

# ਸੁਪਰੀਮ ਕੋਰਟ ਨੇ ਭਾਰਤ ਸਰਕਾਰ ਨੂੰ ਵੈਕਸੀਨ ਦੀ ਪਰਖ ਦੇ ਅੰਕੜੇ ਜਨਤਕ ਕਰਨ ਬਾਰੇ ਕਿਹਾ



ਨਵੀਂ ਦਿੱਲੀ, 10 ਅਗਸਤ (ਪੋਸਟ ਬਿਊਰੋ)- ਭਾਰਤ ਵਿੱਚ ਕੋਵਿਡ ਵੈਕਸੀਨ ਦੀ ਕਲੀਨੀਕਲ ਪਰਖ ਦਾ ਡਾਟਾ ਜਨਤਕ ਕਰਨ ਬਾਰੇ ਪਾਈ ਗਈ ਪਟੀਸ਼ਨ ਉੱਤੇ ਸੁਪਰੀਮ ਕੋਰਟ ਨੇ ਨੋਟਿਸ ਜਾਰੀ ਕਰ ਕੇ ਕੇਂਦਰ ਸਰਕਾਰ, ਭਾਰਤ ਬਾਇਓਟੈਕ, ਐਸ ਆਈ ਆਈ ਅਤੇ ਹੋਰਨਾਂ ਤੋਂ ਜਵਾਬ ਮੰਗਿਆ ਹੈ। ਪਟੀਸ਼ਨ ਵਿੱਚ ਵੈਕਸੀਨ ਦੀ ਕਲੀਨੀਕਲ ਪਰਖ ਅਤੇ ਟੀਕਾ ਲੱਗਣ ਪਿੱਛੋਂ ਸਾਹਮਣੇ ਆਏ ਕਿਸੇ ਵੀ ਤਰ੍ਹਾਂ ਦੇ ਕੇਸ ਦੇ ਅੰਕੜੇ ਜਨਤਕ ਕਰਨ ਦੀ ਮੰਗ ਕੀਤੀ ਗਈ ਹੈ।

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਨੇ ਵਿਸ਼ਵ ਸਿਹਤ ਸੰਗਠਨ ਦਾ ਹਵਾਲਾ ਦੇ ਕੇ ਕਿਹਾ ਕਿ ਜਦ ਤਕ ਸਾਰਿਆਂ ਦੇ ਵੈਕਸੀਨ ਨਹੀਂ ਲੱਗ ਜਾਂਦੀ, ਕੋਈ ਵੀ ਸੁਰੱਖਿਅਤ ਨਹੀਂ ਹੈ। ਅਦਾਲਤ ਨੇ ਕਿਹਾ ਕਿ ਅਸੀਂ ਇਸ ਦੇਸ਼ ਵਿੱਚ ਵੈਕਸੀਨ ਲਵਾਉਣ ਦੀ ਝਿਜਕ ਨਾਲ ਵੀ ਲੜ ਰਹੇ ਹਾਂ, ਖਾਸ ਕਰ ਕੇ ਦਿਹਾਤੀ ਖੇਤਰਾਂ ਵਿੱਚ ਲੋਕ ਵੈਕਸੀਨ ਲੈਣ ਤੋਂ ਝਿਜਕਦੇ ਹਨ। ਕੋਰਟ ਨੇ ਕਿਹਾ ਕਿ ਜੇ ਇਸ ਝਿਜਕ ਦੇ ਕਾਰਨਾਂ ਦੀ ਜਾਂਚ ਦਾ ਹੁਕਮ ਦਿੱਤਾ ਜਾਵੇ ਤਾਂ ਕੀ ਉਹ ਲੋਕਾਂ ਦੇ ਮਨਾਂ ਵਿੱਚ ਸ਼ੱਕ ਨਹੀਂ ਪੈਦਾ ਕਰੇਗਾ? ਜਸਟਿਸ ਐਲ ਨਾਗੇਸ਼ਵਰ ਰਾਓ ਤੇ ਜਸਟਿਸ ਅਨਿਰੁੱਧ ਬੋਸ ਦੇ ਬੈਂਚ ਨੇ ਕਿਹਾ ਕਿ ਵੈਕਸੀਨ ਲੈਣ ਤੋਂ ਲੋਕਾਂ ਦਾ ਘਬਰਾਉਣਾ ਚਿੰਤਾ ਦਾ ਵਿਸ਼ਾ ਹੈ।

ਪਟੀਸ਼ਨਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ ਇਹ ਕੋਈ ਵੈਕਸੀਨ ਦੇ ਵਿਰੋਧ ਵਾਲੀ ਪਟੀਸ਼ਨ ਨਹੀਂ ਤੇ ਇਸ ਮੁੱਦੇ ਉਤੇ ਪਾਰਦਰਸ਼ਤਾ ਦੀ ਲੋੜ ਹੈ। ਡਾਟਾ ਜੇ ਜਨਤਕ ਹੋ ਜਾਂਦਾ ਹੈ ਤਾਂ ਸ਼ੱਕ ਤੇ ਝਿਜਕ ਦੂਰ ਹੋ ਜਾਵੇਗਾ। ਭੂਸ਼ਣ ਨੇ ਕਿਹਾ ਕਿ ਪਟੀਸ਼ਨਰ ਚੱਲ ਰਹੇ ਟੀਕਾਕਰਨ ਉਤੇ ਰੋਕ ਨਹੀਂ ਚਾਹੁੰਦਾ। ਬੈਂਚ ਨੇ ਇਸ ਬਾਰੇ ਆਈ ਸੀ ਐਮ ਆਰ (ਇੰਡੀਅਨ ਕੌਂਸਲ ਫਾਰ ਮੈਡੀਕਲ ਰਿਸਰਚ) ਨੂੰ ਵੀ ਨੋਟਿਸ ਜਾਰੀ ਕੀਤਾ ਹੈ ਤੇ ਚਾਰ ਹਫਤਿਆਂ ਵਿੱਚ ਜਵਾਬ ਮੰਗਿਆ ਹੈ। ਵਕੀਲ ਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ ਪਰਖ ਦੇ ਅੰਕੜੇ ਜਨਤਕ ਨਾ ਕੀਤੇ ਜਾਣ ਨਾਲ ਅਫਵਾਹਾਂ ਫੈਲੀਆਂ ਅਤੇ ਚਿੰਤਾ ਦੇ ਕਾਰਨ ਵਧੇ ਹਨ। ਉਨ੍ਹਾਂ ਕਿਹਾ ਕਿ ਆਈ ਸੀ ਐਮ ਆਰ ਦਾ ਸੀਰੋ-ਸਰਵੇ ਦੱਸਦਾ ਹੈ ਕਿ ਰੋਗ ਨਾਲ ਲੜਨ ਦੀ ਸਰੀਰਕ ਸਮਰੱਥਾ ਬਣ ਚੁੱਕੀ ਹੈ। ਭੂਸ਼ਣ ਨੇ ਕਿਹਾ ਕਿ ਲੋਕਾਂ ਨੂੰ ਵੈਕਸੀਨ ਲੈਣ ਲਈ ਧੱਕੇ ਨਾਲ ਨਹੀਂ ਕਿਹਾ ਜਾ ਸਕਦਾ।

ਰੱਖਿਆ ਮੰਤਰਾਲੇ ਨੇ ਕਿਹਾ:

# ਪੈਗਾਸਸ ਵਾਲੇ ਐਨ ਐਸ ਓ ਨਾਲ ਕੋਈ ਲੈਣ-ਦੇਣ ਹੀ ਨਹੀਂ ਕੀਤਾ



ਨਵੀਂ ਦਿੱਲੀ, 10 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਨੇ ਕੱਲ੍ਹ ਕਿਹਾ ਕਿ ਉਸ ਨੇ ਫੌਜੀ ਪੱਧਰ ਦੇ ਜਾਸੂਸੀ ਸਾਫਟਵੇਅਰ ਪੈਗਾਸਸ ਬਣਾਉਣ ਵਾਲੇ ਐਨ ਐਸ ਓ ਗਰੁੱਪ ਨਾਲ ਕਿਸੇ ਤਰ੍ਹਾਂ ਦਾ ਕੋਈ ਲੈਣ-ਦੇਣ ਨਹੀਂ ਕੀਤਾ। ਇਸ ਤਰ੍ਹਾਂ ਸਰਕਾਰ ਨੇ ਆਪਣੇ ਵੱਲੋਂ ਇੱਕ ਸਫਾਈ ਪੇਸ਼ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਸਪਾਈਵੇਅਰ ਦੇ ਜ਼ਰੀਏ ਜਾਸੂਸੀ ਕਰਾਏ ਜਾਣ ਦੇ ਦੋਸ਼ਾਂ ਦੇ ਬਾਅਦ ਪੈਗਾਸਸ ਦੇ ਕਾਰਨ ਅੱਜਕੱਲ੍ਹ ਭਾਰਤ ਵਿੱਚ ਜ਼ਬਰਦਸਤ ਰਾਜਨੀਤਕ ਬਹਿਸ ਛਿੜੀ ਹੋਈ ਹੈ।ਰਾਜ ਸਭਾ ਵਿੱਚ ਸੀ ਪੀ ਆਈ ਐਮ ਦੇ ਮੈਂਬਰ ਵੀ. ਸਿਵਦਾਸਨ ਦੇ ਇੱਕ ਸਵਾਲ ਦੇ ਜਵਾਬ ਵਿੱਚ ਰੱਖਿਆ ਰਾਜ ਮੰਤਰੀ ਅਜੈ ਭੱਟ ਨੇ ਐਨ ਐਸ ਓ ਬਾਰੇ ਸੰਖੇਪ ਬਿਆਨ ਵਿੱਚ ਕਿਹਾ ਕਿ ਰੱਖਿਆ ਮੰਤਰਾਲੇ ਨੇ ਐਨ ਐਸ ਓ ਗਰੁੱਪ ਨਾਲ ਕੋਈ ਲੈਣ-ਦੇਣ ਨਹੀਂ ਕੀਤਾ। ਮੰਤਰਾਲੇ ਦੇ ਖਰਚ ਬਾਰੇ ਸ਼ਿਵਦਾਸਨ ਨੇ ਕਈ ਸਵਾਲ ਪੁੱਛੇ ਅਤੇ ਜਾਨਣਾ ਚਾਹਿਆ ਕਿ ਕੀ ਸਰਕਾਰ ਨੇ ਐਨ ਐਸ ਓ ਗਰੁੱਪ ਦੇ ਨਾਲ ਕੋਈ ਲੈਣ-ਦੇਣ ਕੀਤਾ ਹੈ? ਐਨ ਐਸ ਓ ਇੱਕ ਇਜ਼ਰਾਈਲੀ ਨਿਗਰਾਨੀ ਸਾਫਟਵੇਅਰ ਕੰਪਨੀ ਹੈ, ਜਿਸ ਨੇ ਪੈਗਾਸਸ ਸਪਾਈਵੇਅਰ ਬਣਾਇਆ ਹੈ ਅਤੇ ਇਹ ਦੋਸ਼ ਲੱਗਦੇ ਹਨ ਕਿ ਪੈਗਾਸਸ ਦੇ ਨਾਲ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਪੱਤਰਕਾਰਾਂ, ਕਾਰਕੁਨਾਂ ਤੇ ਰਾਜਨੀਤਕ ਨੇਤਾਵਾਂ ਦੇ ਫੋਨ ਟੈਪ ਕੀਤੇ ਗਏ ਸਨ। ਇਸ ਦੇ ਬਾਅਦ ਤੋਂ ਐਨ ਐਸ ਓ ਉੱਤੇ ਸਵਾਲ ਉਠਾਏ ਜਾ ਰਹੇ ਹਨ, ਪਰ ਐਨ ਐਸ ਓ ਗਰੁੱਪ ਨੇ ਕੁਝ ਵੀ ਗਲਤ ਕਰਨ ਤੋਂ ਇਨਕਾਰ ਕੀਤਾ ਹੈ।

ਇਸ ਦੌਰਾਨ ਭਾਰਤ ਵਿੱਚ ਵਿਰੋਧੀ ਧਿਰਾਂ ਜਾਸੂਸੀ ਵਿਵਾਦ ਬਾਰੇ ਕੇਂਦਰ ਸਰਕਾਰ ਉੱਤੇ ਲਗਾਤਾਰ ਨਿਸ਼ਾਨਾ ਸੇਧ ਰਹੀਆਂ ਹਨ। ਵਿਰੋਧੀ ਧਿਰਾਂ 19 ਜੁਲਾਈ ਨੂੰ ਪਾਰਲੀਮੈਂਟ ਦਾ ਮਾਨਸੂਨ ਸੈਸ਼ਨ ਸ਼ੁਰੂ ਹੋਣ ਦੇ ਬਾਅਦ ਤੋਂ ਦੋਵਾਂ ਸਦਨਾਂ ਦੀ ਕਾਰਵਾਈ ਵਿੱਚ ਰੁਕਾਵਟ ਪਾ ਕੇ ਪੈਗਾਸਸ ਮੁੱਦੇ ਉੱਤੇ ਚਰਚਾ ਦੀ ਮੰਗ ਕਰ ਰਹੀਆਂ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਰਾਸ਼ਟਰੀ ਸੁਰੱਖਿਆ ਨਾਲ ਜੁੜਿਆ ਮੁੱਦਾ ਹੈ।ਸੂਚਨਾ ਤਕਨੀਕੀ ਅਤੇ ਸੰਚਾਰ ਮੰਤਰੀ ਅਸ਼ਵਨੀ ਵੈਸ਼ਣਵ ਪੈਗਾਸਸ ਦੇ ਨਾਲ ਭਾਰਤੀਆਂ ਦੀ ਜਾਸੂਸੀ ਕਰਾਏ ਜਾਣ ਦੀਆਂ ਮੀਡੀਆ ਰਿਪੋਰਟਾਂ ਨੂੰ ਰੱਦ ਕਰ ਚੁੱਕੇ ਹਨ।

## ਪਾਕਿਸਤਾਨ 'ਚ 8 ਸਾਲਾ ਹਿੰਦੂ ਲੜਕੇ ਉਤੇ ਧਰਮ ਨਿੰਦਾ ਦਾ ਦੋਸ਼

ਲਾਹੌਰ, 10 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰਿਆਂ ਉੱਤੇਜ਼ੁਲਮ ਰੁਕ ਨਹੀਂ ਰਹੇ। ਤਾਜ਼ਾ ਮਾਮਲਾ ਇੱਕ ਅੱਠ ਸਾਲਾ ਹਿੰਦੂ ਮੁੰਡੇ ਨਾਲ ਸਬੰਧਤ ਹੈ। ਧਰਮ ਨਿੰਦਾ ਦਾ ਦੋਸ਼ ਲਾ ਕੇ ਉਸ ਨੂੰ ਇੱਕ ਹਫਤੇ ਤਕ ਜੇਲ੍ਹ ਵਿੱਚ ਰੱਖਿਆ ਗਿਆ ਸੀ। ਪੁਲਸ ਦੀ ਇਸ ਕਾਰਵਾਈ ਤੋਂ ਡਰ ਕੇ ਪੰਜਾਬ ਸੂਬੇ ਦੇ ਰਹੀਮ ਯਾਰ ਖਾਨ ਜ਼ਿਲ੍ਹੇ ਵਿੱਚ ਰਹਿਣ ਵਾਲੇ ਬੱਚੇ ਦੇ ਪਰਵਾਰ ਸਮੇਤ ਦੂਜੇ ਹਿੰਦੂ ਪਰਵਾਰ ਵੀ ਘਰ ਛੱਡ ਕੇ ਭੱਜ ਗਏ ਹਨ। ਬੱਚੇ ਉੱਤੇਇੱਕ ਮਦਰੱਸੇ ਦੀ ਲਾਇਬਰੇਰੀ ਵਿੱਚ ਲੁਕ ਕੇ ਕਾਲੀਨ ਉੱਤੇ ਜਾਣਬੁੱਝ ਕੇ ਪਿਸ਼ਾਬ ਕਰਨ ਦਾ ਦੋਸ਼ ਹੈ।

ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਕੱਟੜਪੰਥੀਆਂ ਨੇ ਇੱਕ ਮੰਦਰ ਉੱਤੇ ਹਮਲਾ ਕਰ ਕੇ ਉਸ ਨੂੰ ਸਾੜ ਦਿੱਤਾ ਸੀ। ਬੇਪਛਾਣ ਥਾਂ ਉੱਤੇ ਲੁਕੇ ਬੱਚੇ ਦੇ ਇੱਕ ਰਿਸ਼ਤੇਦਾਰ ਨੇ ਬ੍ਰਿਟਿਸ਼ ਅਖਬਾਰ ਗਾਰਡੀਅਨ ਨੂੰ ਦੱਸਿਆ ਕਿ ਨਾ ਬੱਚੇ ਨੂੰ ਧਰਮ ਨਿੰਦਾ ਦੇ ਦੋਸ਼ਾਂ ਬਾਰੇ ਕੁਝ ਪਤਾ ਹੈ ਤੇ ਨਾ ਉਹ ਇਹ ਸਮਝ ਸਕਿਆ ਹੈ ਕਿ ਉਸ ਦਾ ਜੁਰਮ ਕੀ ਹੈ। ਅਸੀਂ ਆਪਣੀ ਜਾਨ ਬਚਾ ਕੇ ਕਿਸੇ ਤਰ੍ਹਾਂ ਭੱਜਣ ਵਿੱਚ ਕਾਮਯਾਬ ਰਹੇ। ਸਾਨੂੰ ਨਹੀਂ ਲੱਗਦਾ ਕਿ ਉੱਤੇ ਖਿਲਾਫ ਸਰਕਾਰ ਕੋਈ ਕਾਰਵਾਈ ਕਰੇਗੀ। ਇਸ ਦੌਰਾਨ ਇੱਕ ਬੱਚੇ ਉੱਤੇ ਧਰਮ ਨਿੰਦਾ ਦੇ ਦੋਸ਼ਾਂ ਬਾਰੇ ਕਾਨੂੰਨ ਦੇ ਜਾਣਕਾਰ ਹੈਰਾਨ ਹਨ। ਪਾਕਿਸਤਾਨ ਹਿੰਦੂ ਪ੍ਰੀਸ਼ਦ ਦੇ ਮੁਖੀ ਤੇ ਪਾਰਲੀਮੈਂਟ ਮੈਂਬਰ ਰਮੇਸ਼ ਕੁਮਾਰ ਨੇ ਕਿਹਾ ਕਿ ਮੰਦਰ ਉੱਤੇ ਹਮਲੇ ਤੇ ਬੱਚੇ ਖਿਲਾਫ ਧਰਮ ਨਿੰਦਾ ਦੇ ਦੋਸ਼ਾਂ ਨੇ ਮੈਨੂੰ ਹਿਲਾ ਕੇ ਰੱਖ ਦਿੱਤਾ ਹੈ। ਕੱਟੜਪੰਥੀਆਂ ਵੱਲੋਂ ਕੀਤੇ ਜਾਣ ਵਾਲੇ ਹਮਲੇ ਦੇ ਡਰੋਂ ਹਿੰਦੂ ਭਾਈਚਾਰੇ ਦੇ ਲੋਕ ਘਰ ਛੱਡ ਕੇ ਚਲੇ ਗਏ ਹਨ। ਮਨੁੱਖੀ ਅਧਿਕਾਰ ਵਰਕਰ ਕਪਿਲ ਦੇਵ ਨੇ ਕਿਹਾ ਕਿ ਬੱਚੇ ਖਿਲਾਫ ਦੋਸ਼ ਫੌਰੀ ਵਾਪਸ ਲਏ ਜਾਣ ਤੇ ਉਸ ਦੇ ਪਰਵਾਰ ਨੂੰ ਸੁਰੱਖਿਆ ਦਿੱਤੀ ਜਾਵੇ। ਇਸ ਦੌਰਾਨ ਰਹੀਮ ਯਾਰ ਖਾਨ ਜ਼ਿਲ੍ਹਾ ਪੁਲਸ ਦੇ ਬੁਲਾਰੇ ਅਹਿਮਦ ਨਵਾਜ਼ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਵਿੱਚ ਹਿੰਦੂ ਮੰਦਰਾਂ ਉੱਤੇ ਹਮਲੇ ਵਧੇ ਹਨ। ਇਹ ਦੇਸ਼ ਵਿੱਚ ਵਧਦੀ ਕੱਟੜਤਾ ਨੂੰ ਦਰਸਾਉਂਦਾ ਹੈ। ਪਾਕਿਸਤਾਨ ਵਿੱਚ ਧਰਮ ਨਿੰਦਾ ਵਿੱਚ ਦੋਸ਼ੀ ਪਾਏ ਜਾਣ ਉੱਤੇ ਮੌਤ ਦੀ ਸਜ਼ਾ ਦੀ ਮੱਦ ਹੈ।

## ਪਾਕਿਸਤਾਨ ਵਿੱਚ ਵੈਨ ਵਿੱਚ ਲੱਗਾ ਸਿਲੰਡਰ ਫਟਿਆ, 10 ਮੌਤਾਂ

ਲਾਹੌਰ, 10 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਇੱਕ ਵੈਨ ਦੇ ਦੂਜੇ ਵਾਹਨ ਨਾਲ ਟਕਰਾਉਣ ਨਾਲ ਲੱਗੀ ਅੱਗ ਵਿੱਚ ਤਿੰਨ ਬੱਚਿਆਂ ਸਮੇਤ ਘੱਟੋ-ਘੱਟ 10 ਲੋਕਾਂ ਦੀ ਮੌਤ ਹੋ ਗਈ ਅਤੇ ਸੱਤ ਹੋਰ ਜ਼ਖ਼ਮੀ ਹੋ ਗਏ ਹਨ। ਹਾਦਸੇ ਦੇ ਸਮੇਂ ਵੈਨ ਵਿੱਚ 17 ਲੋਕ ਸਵਾਰ ਸਨ।

ਅਧਿਕਾਰੀਆਂ ਅਨੁਸਾਰ ਹਾਦਸੇ ਦਾ ਸ਼ਿਕਾਰ ਹੋਈ ਵੈਨ ਰਾਵਲਪਿੰਡੀ ਤੋਂ ਲਾਹੌਰ ਵੱਲ ਨੂੰ ਆ ਰਹੀ ਸੀ।ਇੱਥੋਂ 80 ਕਿਲੋਮੀਟਰ ਦੂਰ ਗੁਜਰਾਂਵਾਲਾ ਵਿੱਚ ਇਹ ਹਾਦਸਾ ਹੋਇਆ। ਗੁਜਰਾਂਵਾਲਾ ਦੇ ਕਮਿਸ਼ਨਰ ਜ਼ੁਲਫ਼ੀਕਾਰ ਘੁੰਮਣ ਨੇ ਦੱਸਿਆ ਕਿ ਮੌਕੇ ਉੱਤੇ ਹਤਿੰਨ ਬੱਚਿਆਂ ਸਮੇਤ 10 ਲੋਕਾਂ ਮੌਤ ਹੋ ਗਈ। ਬਾਕੀ ਸੱਤ ਯਾਤਰੀਆਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ ਤੇ ਉਨ੍ਹਾਂ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਕਮਿਸ਼ਨਰ ਨੇ ਦੱਸਿਆ ਕਿ ਦੋਵਾਂ ਵਾਹਨਾਂ ਦੇ ਚਾਲਕ ਮੌਕੇ ਤੋਂ ਫਰਾਰ ਹੋ ਗਏ ਅਤੇ ਉਨ੍ਹਾਂ ਨੂੰ ਫੜਣ ਲਈ ਪੁਲਸ ਤਲਾਸ਼ੀ ਮੁਹਿੰਮ ਚਲਾ ਰਹੀ ਹੈ।

# ਭਾਰਤ ਸਰਕਾਰ ਵੱਲੋਂ ਹੰਗਾਮਿਆਂ ਦੌਰਾਨ ਬਿੱਲ ਪਾਸ ਕਰਵਾਉਣ ਦਾ ਸਿਲਸਿਲਾ ਜਾਰੀ



ਨਵੀਂ ਦਿੱਲੀ, 10 ਅਗਸਤ (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਦੇ ਮੌਨਸੂਨ ਇਜਲਾਸ ਵਿੱਚ ਸਰਕਾਰ ਦੇ ਖ਼ਿਲਾਫ਼ ਹਮਲਾਵਰ ਹੋਈਆਂ ਵਿਰੋਧੀ ਧਿਰਾਂ ਨੇ ਕੱਲ੍ਹ ਇੱਕ ਬਿੱਲ ਉੱਤੇਅਚਾਨਕ ਸਰਕਾਰ ਨੂੰ ਸਮਰਥਨ ਦੇਣ ਦਾ ਫ਼ੈਸਲਾ ਕੀਤਾ। ਇਹ ਬਿੱਲ ਰਾਜਾਂ ਨੂੰ ਓ ਬੀ ਸੀ (ਅਦਰ ਬੈਕਵਾਰਡ ਕਲਾਸਿਜ਼) ਦੀ ਲਿਸਟ ਤਿਆਰ ਕਰਨ ਦਾ ਅਧਿਕਾਰ ਦੇਣ ਦੇ ਲਈ ਸੰਵਿਧਾਨ ਦੀ ਸੋਧ ਲਈ ਹੈ। ਇਸ ਬਾਰੇ ਵਿਰੋਧੀ ਧਿਰਾਂ ਨੇ ਸਰਕਾਰ ਦਾ ਸਾਥ ਦੇਣ ਦੇ ਫ਼ੈਸਲੇ ਤੋਂ ਪਹਿਲਾਂ ਇੱਕ ਵਾਰ ਫਿਰ ਇੱਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਪਾਰਲੀਮੈਂਟ ਭਵਨ ਦੇ ਅੰਦਰ ਰਣਨੀਤਕ ਬੈਠਕ ਵੀ ਕੀਤੀ।

ਰਾਹੁਲ ਗਾਂਧੀ ਦੀ ਅਗਵਾਈ ਵਿੱਚ ਹੋਈ 15 ਪਾਰਟੀਆਂ ਦੀ ਸਾਂਝੀ ਬੈਠਕ ਪਿੱਛੋਂ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਮਲਿਕ ਅਰਜੁਨ ਖੜਗੇ ਨੇ ਐਲਾਨ ਕਰਦਿਆਂ ਕਿਹਾ ਕਿ ਜਨਹਿਤ ਦੇ ਇਸ ਮੁੱਦੇ ਉੱਤੇ ਉਹ ਸਰਕਾਰ ਨਾਲ ਖੜ੍ਹੇ ਹਨ। ਇਸ ਸੰਵਿਧਾਨਕ ਸੋਧ ਬਿੱਲਲਈ ਸਰਕਾਰ ਨੂੰ ਹਮਾਇਤ ਦਾ ਫ਼ੈਸਲਾ ਕਰਨ ਤੋਂ ਪਹਿਲਾਂ ਕੱਲ੍ਹ ਸਵੇਰੇ ਵਿਰੋਧੀ ਧਿਰਾਂ ਦੀ ਰਣਨੀਤਕ ਬੈਠਕ ਮਲਿਕ ਅਰਜੁਨ ਖੜਗੇ ਦੇ ਦਫ਼ਤਰ ਵਿੱਚ ਹੋਈ, ਜਿਸ ਵਿੱਚ 15 ਪਾਰਟੀਆਂ ਕਾਂਗਰਸ, ਡੀ ਐਮ ਕੇ, ਟੀ ਐਮ ਸੀ, ਐਨ ਸੀ ਪੀ, ਸ਼ਿਵ ਸੈਨਾ, ਸਮਾਜਵਾਦੀ ਪਾਰਟੀ, ਮਾਰਕਸੀ ਪਾਰਟੀ, ਆਰ ਜੇ ਡੀ, ਆਮ ਆਦਮੀ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ, ਨੈਸ਼ਨਲ ਕਾਨਫਰੰਸ, ਆਈ ਯੂ ਐਮ ਐਲ, ਐਲ ਜੇ ਡੀ, ਆਰ ਐਸ ਪੀ ਅਤੇ ਕੇ ਸੀ (ਐਮ) ਦੇ ਆਗੂਆਂ ਨੇ ਹਿੱਸਾ ਲਿਆ ਅਤੇ ਸਰਕਾਰ ਦੇ ਸਮੱਰਥਨ ਦੀ ਨੀਤੀ ਬਣਾਈ

ਇਸ ਦੇ ਬਾਅਦ ਵੀ ਰਾਜ ਸਭਾ ਵਿੱਚਵਿਰੋਧੀ ਧਿਰਾਂ ਲਗਾਤਾਰ ਹਮਲਾਵਰ ਰਹੀਆਂ ਅਤੇ ਉਨ੍ਹਾ ਨੇ ਇਸ ਬਿੱਲ ਦੇ ਬਾਅਦ ਟ੍ਰਿਬਿਊਨਲ ਰਿਫਾਰਮ ਬਿੱਲ ਨੂੰ ਸਿਲੈਕਟ ਕਮੇਟੀ ਕੋਲ ਭੇਜਣ ਦੀ ਮੰਗ ਕੀਤੀ, ਜਿਸ ਉੱਤੇ ਇਸ ਬਿੱਲ ਦੇ ਲਈ ਵੋਟਿੰਗ ਵੀ ਕਾਰਵਾਈ ਗਈ, ਪਰ ਵਿਰੋਧੀ ਧਿਰਾਂ ਲੋੜੀਂਦੇ ਵੋਟ ਹਾਸਲ ਕਰਨ ਵਿੱਚ ਨਾਕਾਮ ਰਹੀਆਂ ਤਾਂ ਉਨ੍ਹਾ ਨੇ ਸਦਨ ਵਿੱਚੋਂ ਵਾਕਆਊਟ ਕਰ ਦਿੱਤਾ। ਇਸ ਤੋਂ ਪਹਿਲਾਂ ਮਲਿਕ ਅਰਜੁਨ ਖੜਗੇ ਨੇ ਇਤਰਾਜ਼ ਕਰਦਿਆਂ ਕਿਹਾ ਕਿ ਜੇ ਅਜਿਹੇ ਅਹਿਮ ਬਿੱਲਾਂ ਨੂੰ ਸਰਕਾਰ 102 ਘੰਟੇ ਪਹਿਲਾਂ ਲਿਆਵੇਗੀ ਤਾਂ ਉਸ ਉੱਤੇ ਚਰਚਾ ਕਿਵੇਂ ਹੋਵੇਗੀ।

# ਐਮਾਜ਼ਾਨ-ਫਲਿਪਕਾਰਟ ਦੇ ਖਿਲਾਫ ਜਾਂਚ ਚੱਲਦੀ ਰਹੇਗੀ




ਨਵੀਂ ਦਿੱਲੀ, 10 ਅਗਸਤ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਅਮਰੀਕੀ ਆਨਲਾਈਨ ਦਿੱਗਜ ਐਮਾਜ਼ਾਨ ਇੰਕ ਅਤੇ ਵਾਲਮਾਰਟ ਦੀ ਸਹਿਯੋਗੀ ਫਲਿਪਕਾਰਟ ਦੇ ਖਿਲਾਫ ਮੁਕਾਬਲੇਬਾਜ਼ੀ ਵਿਰੋਧੀ ਜਾਂਚ ਰੋਕਣ ਦੀ ਦੋਵਾਂ ਕੰਪਨੀਆਂ ਦੀ ਅਪੀਲ ਠੁਕਰਾ ਦਿੱਤੀ ਹੈ ਅਤੇ ਇਸ ਲਈ ਇਨ੍ਹਾਂ ਦੇ ਖਿਲਾਫ ਜਾਂਚ ਚੱਲਦੀ ਰਹੇਗੀ।

ਭਾਰਤ ਦੇ ਚੀਫ ਜਸਟਿਸ ਐਨ ਵੀ ਰਮਨਾ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਬੈਂਚ ਨੇ ਦੋਵਾਂ ਕੰਪਨੀਆਂ ਨੂੰ ਕਿਹਾ ਕਿ ਉਨ੍ਹਾਂ ਵਰਗੀਆਂ ਵੱਡੀਆਂ ਕੰਪਨੀਆਂ ਨੂੰ ਏਦਾਂ ਦੀ ਜਾਂਚ ਨੂੰ ਹੱਲਾਸ਼ੇਰੀ ਦੇਣੀ ਅਤੇ ਇਸ ਵਿੱਚ ਪੂਰਾ ਸਹਿਯੋਗ ਕਰਨਾ ਚਾਹੀਦਾ ਹੈ। ਕੋਰਟ ਨੇ ਦੋਵਾਂ ਕੰਪਨੀਆਂ ਨੂੰ ਜਾਂਚ ਵਿੱਚ ਸ਼ਾਮਲ ਹੋਣ ਅਤੇ ਸੀ ਸੀ ਆਈ ਨੂੰ ਆਪਣਾ ਪੱਖ ਦੇਣ ਲਈ ਚਾਰ ਹਫਤੇ ਦੀ ਮੋਹਲਤ ਦਿੱਤੀ ਅਤੇ ਸਪੱਸ਼ਟ ਕੀਤਾ ਹੈ ਕਿ ਇਸ ਬਾਰੇ ਕੰਪਨੀਆਂ ਨੂੰ ਹੋਰ ਸਮਾਂ ਨਹੀਂ ਦਿੱਤਾ ਜਾਏਗਾ।

ਵਰਨਣ ਯੋਗ ਹੈ ਕਿ ਦੋਵਾਂ ਕੰਪਨੀਆਂ ਨੇ ਭਾਰਤੀ ਮੁਕਾਬਲੇਬਾਜ਼ੀ ਕਮਿਸ਼ਨ (ਸੀ ਸੀ ਆਈ) ਵੱਲੋਂ ਐਂਟੀ-ਟਰੱਸਟ ਜਾਂਚ ਚਲਾਉਣ ਦੇ ਖਿਲਾਫ ਕਰਨਾਟਕ ਹਾਈ ਕੋਰਟ ਵਿੱਚ ਅਰਜ਼ੀਆਂ ਦਿੱਤੀਆਂ ਸਨ। ਹਾਈ ਕੋਰਟ ਨੇ ਇਹ ਕਹਿੰਦੇ ਹੋਏ ਅਰਜ਼ੀਆਂ ਰੱਦ ਕਰ ਦਿੱਤੀਆਂ ਸਨ ਕਿ ਜੇ ਉਨ੍ਹਾਂ ਨੇ ਕੁਝ ਗਲਤ ਨਹੀਂ ਕੀਤਾ ਤਾਂ ਉਨ੍ਹਾਂ ਨੂੰ ਜਾਂਚ ਤੋਂ ਡਰਨ ਦੀ ਜ਼ਰੂਰਤ ਨਹੀਂ। ਇਸ ਦੇ ਖਿਲਾਫ ਉਨ੍ਹਾਂ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ। ਕੋਰਟ ਦੀ ਬੈਂਚ ਨੇ ਕੱਲ੍ਹ ਅਰਜ਼ੀ ਉੱਤੇ ਸੁਣਵਾਈ ਕਰਦੇ ਹੋਏ ਕਿਹਾ ਕਿ ਉਹ ਐਮਾਜ਼ਾਨ ਅਤੇ ਫਲਿਪਕਾਰਟ ਵਰਗੀਆਂ ਵੱਡੀਆਂ ਕੰਪਨੀਆਂ ਤੋਂ ਇਹ ਆਸ ਕਰਦੇ ਹਨ ਕਿ ਉਹ ਖੁਦ ਆਪਣੇ ਆਪ ਨੂੰ ਜਾਂਚ ਲਈ ਪੇਸ਼ ਕਰਨਗੀਆਂ, ਪਰੰਤੂ ਇਥੇ ਦੋਵੇਂ ਕੰਪਨੀਆਂ ਜਾਂਚ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦੀਆਂ ਹਨ। ਇਨ੍ਹਾਂ ਕੰਪਨੀਆਂ ਨੂੰ ਜਾਂਚ ਵਿੱਚ ਸ਼ਾਮਲ ਹੋਣਾ ਪਵੇਗਾ। ਬੈਂਚ ਨੇ ਕਿਹਾ, ਉਸ ਨੂੰ ਕਰਨਾਟਕ ਹਾਈ ਕੋਰਟ ਦੇ ਹੁਕਮ ਵਿੱਚ ਦਖਲ ਦੇਣ ਦਾ ਕੋਈ ਆਧਾਰ ਨਜ਼ਰ ਨਹੀਂ ਆਉਂਦਾ ਹੈ।

# ਮੋਦੀ ਨੇ ਯੂ ਐਨ ਐਸ ਸੀ ਵਿੱਚ ਕਿਹਾ, ਅੱਤਵਾਦ ਤੇ ਸਮੁੰਦਰੀ ਡਾਕੂਆਂ ਨਾਲ ਨਜਿੱਠਣ ਲਈ ਸਹਿਯੋਗ ਬਣਾਓ



ਯੂ ਐੱਨ ਓ, 10 ਅਗਸਤ (ਪੋਸਟ ਬਿਊਰੋ)- ਯੂ ਐੱਨ ਓਸਕਿਓਰਟੀਕੌਂਸਲ ਦੀ ਪ੍ਰਧਾਨਗੀ ਕਰਦੇ ਹੋਏਕੱਲ੍ਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਵਾਦਾਂ ਦਾ ਅੰਤਰਰਾਸ਼ਟਰੀ ਕਾਨੂੰਨਾਂ ਤਹਿਤ ਸ਼ਾਂਤੀਪੂਰਨ ਹੱਲ ਕਰਨ ਅਤੇ ਗ਼ੈਰ-ਸਮਾਜੀ ਤੱਤ (ਸਮੁੰਦਰੀ ਡਾਕੂਆਂ) ਵੱਲੋਂ ਪੈਦਾ ਕੀਤੇ ਖ਼ਤਰਿਆਂ ਨਾਲ ਸਾਂਝੇ ਤੌਰ ਉੱਤੇ ਨਜਿੱਠਣ ਦਾ ਸੱਦਾ ਦਿੱਤਾ।

ਇਸ ਮੌਕੇ ਨਰਿੰਦਰ ਮੋਦੀ ਨੇ ਸਮੁੰਦਰੀ ਵਪਾਰ ਦੀਆਂ ਰੁਕਾਵਟਾਂ ਹਟਾਉਣ ਤੇ ਵਿਵਾਦਾਂ ਦੇ ਸ਼ਾਂਤੀਪੂਰਨ ਹੱਲ ਸਮੇਤ ਪੰਜ ਸਿਧਾਂਤ ਸਾਹਮਣੇ ਰੱਖੇ, ਜਿਸ ਦੇ ਆਧਾਰ ਉੱਤੇ ਸਮੁੰਦਰੀ ਸੁਰੱਖਿਆ ਸਹਿਯੋਗ ਲਈ ਇੱਕ ਕੌਮਾਂਤਰੀ ਖ਼ਾਕਾ ਤਿਆਰ ਕੀਤਾ ਜਾ ਸਕਦਾ ਹੈ। 'ਐਨਹਾਂਸਿੰਗ ਮੈਰੀਟਾਈਮ ਸਿਕਿਓਰਿਟੀ-ਏ ਕੇਸ ਫ਼ਾਰ ਇੰਟਰਨੈਸ਼ਨਲ ਕੋਆਪਰੇਸ਼ਨ'(ਸਮੁੰਦਰੀ ਸੁਰੱਖਿਆ ਵਧਾਉਣ-ਅੰਤਰਰਾਸ਼ਟਰੀ ਸਹਿਯੋਗ ਦਾ ਮਾਮਲਾ) ਉੱਤੇ ਬੈਠਕ ਦੀ ਵੀਡੀਓ ਕਾਨਫ਼ਰੰਸਿੰਗ ਜ਼ਰੀਏ ਪ੍ਰਧਾਨਗੀ ਕਰਦਿਆਂ ਇਸ ਗੱਲ ਉੱਤੇ ਰੌਸ਼ਨੀ ਪਾਈ ਕਿ ਅੱਤਵਾਦ ਅਤੇ ਸਮੁੰਦਰੀ ਡਕੈਤੀ ਲਈ ਸਮੁੰਦਰੀ ਮਾਰਗਾਂ ਦੀ ਵਰਤੋਂ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਸਾਂਝੀ ਸਮੁੰਦਰੀ ਵਿਰਾਸਤ ਦੀ ਸੁਰੱਖਿਆ ਅਤੇ ਵਰਤੋਂ ਲਈ ਆਪਸੀ ਸਹਿਯੋਗ ਲਈ ਇੱਕ ਖਾਕੇ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਜਿਹਾ ਖਾਕਾ ਕੋਈ ਇੱਕ ਦੇਸ਼ ਨਹੀਂ ਤਿਆਰ ਕਰ ਸਕਦਾ, ਸਾਡੇ ਸਭ ਦੇ ਸਾਂਝੇ ਯਤਨਾਂ ਦੀ ਲੋੜ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਸਮੁੰਦਰ ਵਿਸ਼ਵ ਦੀ ਸਾਂਝੀ ਵਿਰਾਸਤ ਅਤੇ ਅੰਤਰਰਾਸ਼ਟਰੀ ਵਪਾਰ ਦੀ ਜੀਵਨ ਰੇਖਾ ਹਨ। ਇਸ ਉੱਤੇ ਜ਼ੋਰ ਦਿੰਦਿਆਂ ਕਿ ਦੇਸ਼ਾਂ ਦੀ ਸਾਂਝੀ ਸਮੁੰਦਰੀ ਵਿਰਾਸਤ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ, ਪ੍ਰਧਾਨ ਮੰਤਰੀ ਨੇ ਪੰਜ ਸਿਧਾਂਤ ਸਾਹਮਣੇ ਰੱਖੇ ਜਿਨ੍ਹਾਂ ਦੇ ਆਧਾਰ ਉੱਤੇ ਸਮੁੰਦਰੀ ਸੁਰੱਖਿਆ ਸਹਿਯੋਗ ਲਈ ਕੌਮਾਂਤਰੀ ਖ਼ਾਕਾ ਤਿਆਰ ਕੀਤਾ ਜਾ ਸਕਦਾ ਹੈ। ਪਹਿਲੇ ਸਿਧਾਂਤ ਬਾਰੇ ਉਨ੍ਹਾ ਕਿਹਾ ਕਿ ਜਾਇਜ਼ ਸਮੁੰਦਰੀ ਵਪਾਰ ਲਈ ਰੁਕਾਵਟਾਂ ਨੂੰ ਹਟਾਉਣਾ ਚਾਹੀਦਾ ਹੈ ਕਿਉਂਕਿ ਕੌਮਾਂਤਰੀ ਖ਼ੁਸ਼ਹਾਲੀ ਸਮੁੰਦਰੀ ਵਪਾਰ ਦੇ ਪ੍ਰਵਾਹ ਉੱਤੇ ਨਿਰਭਰ ਹੈ। ਇਸ ਵਪਾਰ ਵਿੱਚ ਕੋਈ ਵੀ ਰੁਕਾਵਟ ਕੌਮਾਂਤਰੀ ਅਰਥ ਵਿਵਸਥਾ ਲਈ ਖ਼ਤਰਾ ਹੋ ਸਕਦੀ ਹੈ। ਦੂਜਾ ਸਿਧਾਂਤ ਸੀ ਕਿ ਸਮੁੰਦਰੀ ਵਿਵਾਦ ਨੂੰ ਸ਼ਾਂਤੀਪੂਰਨ ਅਤੇ ਅੰਤਰਰਾਸ਼ਟਰੀ ਕਾਨੂੰਨ ਦੇ ਆਧਾਰ ਉੱਤੇ ਹੱਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਆਪਸੀ ਭਰੋਸੇ ਤੇ ਵਿਸ਼ਵਾਸ ਲਈ ਮਹੱਤਵਪੂਰਨ ਹੈ, ਸਿਰਫ਼ ਇਸ ਤਰੀਕੇ ਨਾਲ ਅਸੀਂ ਕੌਮਾਂਤਰੀ ਸ਼ਾਂਤੀ ਤੇ ਸਥਿਰਤਾ ਨੂੰ ਯਕੀਨੀ ਬਣਾ ਸਕਦੇ ਹਾਂ। ਮੋਦੀ ਨੇ ਕਿਹਾ ਕਿ ਤੀਜਾ ਪ੍ਰਮੁੱਖ ਸਿਧਾਂਤ ਹੈ ਕਿ ਕੌਮਾਂਤਰੀ ਭਾਈਚਾਰੇ ਨੂੰ ਕੁਦਰਤੀ ਆਫ਼ਤਾਂ ਤੇ ਸਮੁੰਦਰੀ ਡਾਕੂਆਂ ਵੱਲੋਂ ਪੈਦਾ ਕੀਤੇ ਖ਼ਤਰਿਆਂ ਦਾ ਇਕੱਠੇ ਹੋ ਕੇ ਸਾਹਮਣਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ ਇਸ ਬਾਰੇ ਖੇਤਰੀ ਸਹਿਯੋਗ ਨੂੰ ਵਧਾਉਣ ਲਈ ਕਈ ਕਦਮ ਚੁੱਕੇ ਹਨ। ਪ੍ਰਧਾਨ ਮੰਤਰੀ ਵੱਲੋਂ ਦੱਸਿਆ ਕਿ ਚੌਥਾ ਅਤੇ ਪੰਜਵਾਂ ਸਿਧਾਂਤ ਸਮੁੰਦਰੀ ਵਾਤਾਵਰਨ ਅਤੇ ਸਮੁੰਦਰੀ ਸਾਧਨਾਂ ਦੀ ਰੱਖਿਆ ਕਰਨਾ ਅਤੇ ਜ਼ਿੰਮੇਵਾਰ ਸਮੁੰਦਰੀ ਸੰਪਰਕ ਨੂੰ ਉਤਸ਼ਾਹਿਤ ਕਰਨਾ ਸੀ, ਜਿਸ ਉੱਤੇ ਚਰਚਾ ਕੀਤੀ ਜਾ ਸਕਦੀ ਹੈ।

ਪ੍ਰਧਾਨ ਮੰਤਰੀ ਦਫ਼ਤਰ ਅਨੁਸਾਰ ਮੋਦੀ ਯੂ ਐੱਨ ਸਕਿਓਰਟੀ ਕੌਂਸਲ ਦੀਪ੍ਰਧਾਨਗੀ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਹਨ। ਇਸ ਬੈਠਕ ਦੌਰਾਨ ਯੂ ਐੱਨ ਸੁਰੱਖਿਆ ਕੌਂਸਲ ਦੇ ਕਈ ਮੈਂਬਰ ਦੇਸ਼ਾਂ ਦੀਆਂ ਸਰਕਾਰਾਂ ਦੇ ਮੁੱਖੀ ਸ਼ਾਮਲ ਹੋਏ। ਯੂ ਐੱਨ ਸੁਰੱਖਿਆ ਕੌਂਸਲ, ਜਿਸ ਦੀ ਇਸ ਸਮੇਂ ਪ੍ਰਧਾਨਗੀ ਭਾਰਤ ਕੋਲ ਹੈ, ਨੇ ਸਮੁੰਦਰੀ ਸੁਰੱਖਿਆ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਿਆਨ ਨੂੰ ਸਰਬਸੰਮਤੀ ਨਾਲ ਪ੍ਰਵਾਨ ਕੀਤਾ, ਜਿਸ ਵਿੱਚ ਸਮੁੰਦਰੀ ਸੁਰੱਖਿਆ ਅਤੇ ਸੁਰੱਖਿਆ ਲਈ ਖ਼ਤਰਿਆਂ ਦਾ ਮੁਕਾਬਲਾ ਕਰਨ ਲਈ ਅੰਤਰਰਾਸ਼ਟਰੀ ਤੇ ਖੇਤਰੀ ਸਹਿਯੋਗ ਵਧਾਉਣ ਉੱਤੇ ਜ਼ੋਰ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਇਸ ਬੈਠਕ ਵਿੱਚ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ, ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਅਤੇ ਹੋਰ ਆਗੂ ਹਾਜ਼ਰ ਸਨ।

## ਬ੍ਰਿਟਿਸ਼ ਹਾਈ ਕੋਰਟ ਵਿੱਚੋਂ ਨੀਰਵ ਮੋਦੀ ਨੂੰ ਵੱਡੀ ਰਾਹਤ

ਲੰਡਨ, 10 ਅਗਸਤ (ਪੋਸਟ ਬਿਊਰੋ)- ਪੰਜਾਬ ਨੈਸ਼ਨਲ ਬੈਂਕ ਨਾਲ ਹਜ਼ਾਰਾਂ ਕਰੋੜ ਰੁਪਏ ਦੀ ਧੋਖਾਧੜੀ ਕਰਨ ਦੇ ਦੋਸ਼ 'ਚ ਭਗੌੜੇ ਹੀਰਾ ਕਾਰੋਬਾਰੀ ਨੀਰਵ ਮੋਦੀ ਨੂੰ ਲੰਡਨ ਦੀ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਹਾਈ ਕੋਰਟ ਦੇ ਜੱਜ ਨੇ ਨੀਰਵ ਨੂੰ ਮੈਜਿਸਟ੍ਰੇਟ ਕੋਰਟ ਦੇ ਫੈਸਲੇ ਖਿਲਾਫ ਅਪੀਲ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।

ਭਾਰਤ ਨੂੰ ਹਵਾਲਗੀ ਦੇ ਫੈਸਲੇ ਤੋਂ ਬਾਅਦ ਉਸ ਨੂੰ ਹਾਈ ਕੋਰਟ ਨੇ ਡਿਪਰੈਸ਼ਨ ਅਤੇ ਮਨੁੱਖੀ ਅਧਿਕਾਰ ਨੂੰ ਧਿਆਨ ਵਿੱਚ ਰੱਖ ਕੇ ਭਾਰਤ ਹਵਾਲਗੀ ਦੇ ਫੈਸਲੇ ਖਿਲਾਫ ਅਪੀਲ ਕਰਨ ਦੀ ਮਨਜ਼ੂਰੀ ਦਿੱਤੀ ਹੈ।










# ਕਹਾਣੀ

# ਚਾਹ-ਪਾਣੀ ਦੇ ਪੈਸੇ

-ਤ੍ਰਿਪਤੀ ਪਾਂਡੇ-

ਉਸ ਨੂੰ ਆਪਣੀ ਗੋਦ ਵਿੱਚੋਂ ਉਤਾਰ ਕੇ ਗੱਡੀ ਦੀ ਅਗਲੀ ਸੀਟ ਉੱਤੇ ਠੀਕ ਤਰ੍ਹਾਂ ਬਿਠਾਇਆ ਅਤੇ ਸੀਟ ਦੀ ਬੈਲਟ ਲਾ ਦਿੱਤੀ। ਅਚਾਨਕ ਉਸ ਦਾ ਬਚਪਨ ਯਾਦ ਆ ਗਿਆ ਜਦ ਉਹ ਬੈਲਟ ਲਾ ਕੇ ਚਹਿਕ ਕੇ ਕਹਿੰਦੀ ਸੀ, ''ਤੁਸੀਂ ਮੈਨੂੰ ਬੰਨ੍ਹ ਦਿੱਤਾ। ਚਲੋ ਚਲਾਓ ਆਪਣੀ ਗੱਡੀ, ਖੂਬ ਫਾਸਟ।'' ਉਸ ਦੇ ਵੱਲ ਦਾ ਦਰਵਾਜ਼ਾ ਬੰਦ ਕਰ ਕੇ ਇਹ ਸੋਚਦਾ ਹੋਇਆ ਡਰਾਈਵਰ ਦੀ ਸੀਟ ਵੱਲ ਵਧ ਗਿਆ ਕਿ ਕਿੰਨੀ ਤੇਜ਼ ਨਾਲ ਉਸ ਦੀ ਉਸ ਬੇਟੀ ਨੇ ਖਾਨਦਾਨੀ ਲੰਬਾਈ ਫੜੀ ਸੀ। ਦਸ ਸਾਲ ਦੀ ਲੜਕੀ ਉਸਦੇ ਮੋਢੇ ਤੱਕ ਪਹੁੰਚ ਗਈ ਸੀ, ਪਰ ਮਨ ਤਾਂ ਬਚਪਨ ਵਾਲਾ ਸੀ। ਜੋ ਕਦੇ ਜ਼ਿੱਦ ਕਰਦੀ ਕਿ ਅੱਜ ਤਾਂ ਤੁਹਾਨੂੰ ਮੈਨੂੰ ਗੋਦੀ ਵਿੱਚ ਚੁੱਕਣਾ ਪਵੇਗਾ। ਉਹ ਬੇਵਸੀ ਨਾਲ ਕਹਿੰਦਾ, ''ਤੂੰ ਬਹੁਤ ਲੰਬੀ ਹੋ ਗਈ ਏਂ।''

ਉਹ ਕਹਿੰਦੀ, ''ਉਠਾਓ ਤਾਂ ਸਹੀ'' ਅਤੇ ਜਿਵੇਂ ਹੀ ਉਹ ਉਸ ਨੂੰ ਉਠਾਉਂਦਾ ਉਹ ਉਸ ਦੇ ਮੋਢੇ ਤੋਂ ਅੱਧੀ ਖਿਸਕ ਕੇ ਆਪਣੇ ਨੂੰ ਪਿੱਛੇ ਲਟਕਾ ਲੈਂਦੀ। ਅੱਜ ਇੰਨੇ ਸਾਲ ਬਾਅਦ ਵੀ ਉਹ ਉਵੇਂ ਹੀ ਉਠਾ ਕੇ ਗੋਦੀ ਵਿੱਚ ਲਿਆਇਆ ਸੀ, ਅੱਧੀ ਪਿੱਛੇ ਲਟਕੀ ਹੋਈ। ਗੱਡੀ ਸਟਾਰਟ ਕਰ ਲਈ ਅਤੇ ਚੱਲ ਪਿਆ ਇੱਕ ਲੰਬੇ ਸਫਰ ਉੱਤੇ।

ਯਾਦਾਂ, ਅਜੀਬ ਹੁੰਦੀਆਂ ਹਨ ਨਾ।

ਯਾਦ ਆਏ ਤਾਂ ਕਦੇ ਨਾ ਆਏ ਅਤੇ ਜੇ ਆਏ ਤਾਂ ਬੇਹਿਸਾਬ ਆਏ। ਵੈਸੇ ਉਨ੍ਹਾਂ ਦਾ ਜੱਦੀ ਘਰ ਇਸ ਸ਼ਹਿਰ ਤੋਂ ਲਗਭਗ ਤਿੰਨ ਘੰਟੇ ਦੂਰ ਸੀ। ਦੋਵੇਂ ਆਪਣੀ ਚੁੱਪ ਚਾਹ ਕੇ ਵੀ ਨਹੀਂ ਤੋੜ ਸਕਦੇ ਸਨ। ਬਹੁਤ ਥਕਾਨ ਸੀ, ਸਾਰੀ ਰਾਤ ਸੁੱਤਾ ਜੋ ਨਹੀਂ ਸੀ। ਨੀਂਦ ਉਸ ਤੋਂ ਕੋਹਾਂ ਦੂਰ ਸੀ ਅਤੇ ਉਸ ਨੂੰ ਪਤਾ ਸੀ ਕਿ ਸਵੇਰੇ ਜਲਦੀ ਨਿਕਲਣਾ ਹੈ ਅਤੇ ਅੱਜ ਉਸ ਨੇ ਸਵੇਰ ਦਾ ਉਹ ਚਾਹ ਦਾ ਪਿਆਲਾ ਵੀ ਨਹੀਂ ਪੀਤਾ, ਜਿਸ ਦੇ ਬਿਨਾਂ ਉਹ ਆਪਣੇ ਦਿਨ ਦੀ ਸ਼ੁਰੂਆਤ ਨਹੀਂ ਕਰ ਸਕਦਾ ਸੀ। ਚਾਹੁੰਦਾ ਤਾਂ ਪੀ ਸਕਦਾ ਸੀ, ਜਦ ਤੱਕ ਲੜਕੀ ਨੂੰ ਤਿਆਰ ਕਰ ਦਿੱਤਾ ਜਾਂਦਾ। ਅਚਾਨਕ ਉਸ ਦੇ ਸਾਹਮਣੇ ਆਪਣੀ ਇਸ ਪਿਆਰੀ ਅਤੇ ਚੁੱਪੀ ਲਾਈ ਧੀ ਦੇ ਬਚਪਨ ਵਿੱਚ ਸਜ-ਧਜ ਕੇ ਬਾਹਰ ਨਿਕਲਣ ਦੀ ਜਿੱਦ ਯਾਦ ਆ ਗਈ।

ਜਦ ਤੱਕ ਉਸ ਦੇ ਬੂਟਾਂ ਦੀ ਫੀਤਾ ਉਸ ਦੇ ਮਨ ਮੁਤਾਬਕ ਨਹੀਂ ਬੰਨ੍ਹ ਦਿੱਤਾ ਜਾਂਦਾ ਉਹ ਵਾਰ-ਵਾਰ ਖੁਲਵਾਉਂਦੀ। ਜਦ ਉਸ ਨੂੰ ਡਾਂਟਿਆ ਜਾਂਦਾ ਤਦ ਕਹਿੰਦੀ, ''ਠੀਕ ਤਰ੍ਹਾਂ ਤਿਆਰ ਹੋਣ ਦਿਓ ਤਦ ਬਾਹਰ ਆਵਾਂਗੀ।'' ਅੱਜ ਵੀ ਇਹੀ ਕੀਤਾ ਹੋਵੇਗਾ, ''ਉਹ ਹੇਠਾਂ ਸੀ ਅਤੇ ਉਸ ਦੀ ਧੀ ਉਪਰ। ਉਸ ਦੀ ਤਿਆਰੀ ਦੇ ਚੱਕਰ ਵਿੱਚ ਉਹ ਤੈਅ ਸਮੇਂ ਉੱਤੇ ਨਹੀਂ ਨਿਕਲ ਸਕਿਆ।

ਰਸਤੇ ਵਿੱਚ ਛੋਟੀ-ਵੱਡੀ ਚਾਹ ਦੀਆਂ ਦੁਕਾਨ ਦੇਖਦੇ ਹੀ ਉਸ ਨੂੰ ਬੇਟੀ ਦਾ ਚਾਹ ਦਾ ਸ਼ੌਕ ਯਾਦ ਆਇਆ, ਜੋ ਉਸ ਨੂੰ ਆਪਣੇ ਪਿਤਾ ਦੀ ਵਿਰਾਸਤ ਵਿੱਚ ਮਿ-ਲਆ ਸੀ। ਜਦ ਟੋਕਿਆ ਜਾਂਦਾ ਤਾਂ ਉਹ ਇੱਕ ਪਲੇਟ ਚਾਹ ਦੀ ਜਿੱਦ ਕਰ ਪੈਂਦੀ ਤੇ ਸਭ ਹਾਰ ਜਾਂਦੇ। ਇੱਕ ਪਲੇਟ ਚਾਹ ਮਿਲਣ ਉੱਤੇ ਉਸ ਦੀ ਸ਼ਰਾਰਤ ਭਰੀਆਂ ਵੱਡੀਆਂ-ਵੱਡੀਆਂ ਅੱਖਾਂ ਨਾਲ ਸੁੜ-ਸੁੜ ਕਰ ਕੇ ਚਾਹ ਪੀ ਕੇ ਸਭ ਨੂੰ ਚਿੜ੍ਹਾਉਣਾ ਯਾਦ ਕਰ ਕੇ ਇੱਕ ਪਲ ਉਹ ਮੁਸਕਰਾਉਂਦਾ ਹੈ ਅਤੇ ਉਸ ਦੀਆਂ ਅੱਖਾਂ ਭਰ ਆਉਂਦੀਆਂ ਹਨ। ਉਸ ਦੀ ਬੇਟੀ ਨੇ ਇੱਕ ਪਲੇਟ ਸੁੜ-ਸੁੜ ਵਾਲੀ ਚਾਹ ਨੂੰ ਆਪਣੀ ਆਦਤ ਬਣਾ ਲਿਆ ਸੀ, ਪਰ ਅੱਜ ਉਹ ਚਾਹ ਨਹੀਂ ਪੀਏਗੀ ਅਤੇ ਉਹ? ਉਸ ਨੂੰ ਲੱਗ ਰਿਹਾ ਸੀ, ਉਹ ਚਾਹ ਨਹੀਂ ਪੀਏਗਾ। ਕਦੇ ਨਹੀਂ ਪੀਏਗਾ। ਵੈਸੇ ਵੀ ਲੜਕੀ ਦੀ ਮਾਂ ਆਪਣੀ ਬੇਟੀ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੀ ਹੋਵੇਗੀ। ਉਸ ਦੀ ਲੜਕੀ ਨੂੰ ਜਦ ਉਹ ਹੋਸਟਲ ਤੋਂ ਲਿਆਉਂਦਾ ਤਾਂ ਉਸ ਦੀ ਮਾਂ ਪਹਿਲਾਂ ਤੋਂ ਗੇਟ ਉੱਤੇ ਖੜ੍ਹੀ ਮਿਲਦੀ ਸੀ ਅਤੇ ਹਰ ਵਾਰ ਇੱਕੋ ਸ਼ਿਕਾਇਤ, ''ਅੱਜ ਵੀ ਦੇਰ ਕਰ ਦਿੱਤੀ ਆਉਣ ਵਿੱਚ।'' ਉਹ ਸਮੇਂ ਉੱਤੇ ਪਹੁੰਚਦਾ, ਪਰ ਉਸ ਦੀ ਮਾਂ ਦਾ ਕੀ ਕਰਦਾ ਜੋ ਇੱਕ ਘੰਟੇ ਪਹਿਲਾਂ ਤੋਂ ਹੀ ਖੜ੍ਹੀ ਹੋ ਜਾਂਦੀ ਸੀ।

ਇਸ ਵਾਰ ਉਹ ਜਦ ਰਵਾਨਾ ਹੋ ਰਿਹਾ ਸੀ, ਉਸ ਨੂੰ ਪਹੁੰਚਣ ਦਾ ਸਮਾਂ ਇੱਕ ਘੰਟੇ ਬਾਅਦ ਦਾ ਦਿੱਤਾ ਸੀ। ਉਹ ਮਾਂ ਦੇ ਮਨ ਨੂੰ ਜਾਣਦਾ ਸੀ, ਅੱਜ ਉਹ ਜ਼ਰੂਰ ਇੱਕ ਘੰਟੇ ਪਹਿਲਾਂ ਆ ਜਾਏਗੀ। ਚਾਹ ਦੇ ਬਾਰੇ ਸੋਚਦੇ-ਸੋਚਦੇ ਉਹ ਚਾਹ ਦੇ ਸਫਰ ਬਾਰੇ ਸੋਚਣ ਲੱਗਾ। ਉਹ ਚਾਹ ਕਿਵੇਂ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ ਸਾਡੇ ਜੀਵਨ ਵਿੱਚ ਮਿਲਾ ਦਿੱਤੀ ਅਤੇ ਮਿਲੀ ਤਾਂ ਅਜਿਹੀ ਮਿਲੀ ਕਿ ਸਾਡੇ ਡੀ ਐੱਨ ਏ ਵਿੱਚ ਹੀ ਮਿਲ ਗਈ। ਅੰਗਰੇਜ਼ਾਂ ਦੀ ਹਾਈ ਟੀ ਸਾਡੇ ਲਈ ਹੁਣ ਮੇਲ-ਜੋਲ, ਗੱਲ੍ਹਾਂ ਕਰਨ ਅਤੇ ਰਿਸ਼ਵਤ ਦੇ ਕੇ ਕੰਮ ਕਰਵਾਉਣ ਦੇ ਤੌਰ ਤਰੀਕੇ ਵਿੱਚ ਸ਼ਾਮਲ ਹੋ ਚੁੱਕੀ ਹੈ। ਇੱਕ ਪਿਆਲਾ ਚਾਹ ਹੋ ਜਾਏ, ਚਾਹ ਉੱਤੇ ਚਰਚਾ ਅਤੇ ਚਾਹ-ਪਾਣੀ ਦੇ ਪੈਸੇ।

ਆਪਣੇ ਨਾਲ ਬੈਠੀ ਧੀ ਨੂੰ ਆਪਣੇ ਭਰਾ ਦੇ ਅਸਾਮ ਦੇ ਚਾਹ ਦੇ ਬਾਗ ਨੂੰ ਦਿਖਾਉਣ ਲੈ ਗਿਆ ਸੀ। ਕਿਵੇਂ ਚਾਹ ਦੀਆਂ ਅਣਗਿਣਤ ਪੱਤੀਆਂ ਵਿੱਚ ਉਹ ਘੰਟਿਆਂ ਬੱਧੀ ਦੌੜੀ ਅਤੇ ਸਵਾਲਾਂ ਦੀ ਝੜੀ ਲਾ ਦਿੱਤੀ। ਉਥੇ ਸਿਰ ਉੱਤੇ ਝੋਲੀ ਲਟਕਾਈ ਪੱਤੀਆਂ ਤੋੜਦੀ ਉਸ ਔਰਤ ਨੂੰ ਉਸ ਲੜੀਕ ਨੇ ਆਪਣਾ ਦੋਸਤ ਕਿੰਨੀ ਸਹਿਜਤਾ ਨਾਲ ਬਣਾ ਲਿਆ ਸੀ। ਉਹ ਕਿਆਰੀਆਂ ਵਿੱਚੋਂ ਉਸ ਨੂੰ ਉਂਗਲੀ ਫੜ ਕੇ ਬਾਹਰ ਲੈ ਆਈ ਸੀ। ਮੈਂ ਉਸ ਦਾ ਧੰਨਵਾਦ ਕਰਦੇ ਹੋਏ ਕੁਝ ਨੋਟ ਫੜਾਉਣ ਲਈ ਹੱਥ ਵਧਾਇਆ। ਚਾਰ ਨੋਟ ਪੰਜ ਸੌ ਦੇ। ਉਸ ਨੇ ਬਿਨਾਂ ਹੱਥ ਵਧਾਏ ਪੁੱਛਿਆ, ''ਕਿਸ ਲਈ ਦਿੰਦੇ ਹੋ ਸਾਬ੍ਹ?'' ਮੈਂ ਕਿਹਾ, ''ਇਸ ਬਦਮਾਸ਼ ਲੜਕੀ ਨੂੰ ਬਾਹਰ ਲਿਆਉਣ ਲਈ, ਚਾਹ ਪਾਣੀ ਲਈ''

ਉਸ ਨੇ ਮੈਨੂੰ ਜਵਾਬ ਦਿੱਤਾ, ''ਜੋ ਚਾਹ ਉਗਾਉਂਦਾ ਹੈ ਉਹ ਚਾਹ ਪਾਣੀ ਦੇ ਪੈਸੇ ਨਹੀਂ ਲੈਂਦਾ ਅਤੇ ਉਹ ਵੀ ਇਸ ਲੜਕੀ ਨੂੰ ਬਾਹਰ ਲਿਆਉਣ ਦੇ ਲਈ।'' ਫਿਰ ਅੱਜ ਇਸੇ ਲੜਕੀ ਲਈ ਜੋ ਬੋਲੀ ਵੀ ਨਹੀਂ ਸੀ, ਉਸ ਨੂੰ ਉਪਰ ਤੋਂ ਹੇਠਾਂ ਲਿਆਉਣ ਲਈ ਮੇਰੀ ਗੱਡੀ ਤੱਕ ਬਾਹਰ ਲਿਆਉਣ ਲਈ, ਇਸ ਦੇ ਪਹਿਲੇ ਮੈਂ ਕੁਝ ਦਿੰਦਾ ਉਸ ਨੇ ਕਿਵੇਂ ਚਾਹ-ਪਾਣੀ ਦੇ ਪੈਸੇ ਮੰਗ ਲਏ ਸਨ? ਉਹ ਵੀ ਕਿਸੇ ਵੱਡੀ ਚਾਹ ਪਾਰਟੀ ਜਿੰਨੇ। ਉਸ ਦੀ ਨੌਕਰੀ ਸੀ ਅੰਦਰ ਅਤੇ ਬਾਹਰ ਲੈ ਜਾਣ-ਲਿਆਉਣ ਦੀ। ਉਹ ਤਿਆਰ ਸੀ, ਇਸ ਲਈ ਮੈਂ ਬਿਨਾਂ ਕੁਝ ਕਹੇ ਉਸ ਨੂੰ ਗੋਦ ਵਿੱਚ ਉਠਾਇਆ ਅਤੇ ਇੱਕ ਸਾਹ ਵਿੱਚ ਇੰਨੀਆਂ ਸਾਰੀਆਂ ਪੌੜੀਆਂ ਉਤਰ ਗਿਆ।

ਯਾਦਾਂ ਦੇ ਸਹਾਰੇ ਸਫਰ ਖਤਮ ਹੋਣ ਨੂੰ ਆ ਗਿਆ। ਘਰ ਦੇ ਠੀਕ ਬਾਹਰ ਉਸ ਦੀ ਮਾਂ ਕੁਝ ਚੰਦ ਲੋਕਾਂ ਦੇ ਨਾਲ ਪੂਰੀ ਤਿਆਰੀ ਦੇ ਨਾਲ ਖੜ੍ਹੀ ਸੀ। ਮੈਂ ਉਤਰਿਆ, ਉਸ ਦੀ ਬੈਲਟ ਹਟਾਈ ਅਤੇ ਗੋਦ ਵਿੱਚ ਉਠਾਇਆ ਅਤੇ ਸਿੱਧੇ ਉਥੇ ਉਤਰਿਆ, ਜਿੱਥੋਂ ਉਸ ਦੇ ਭਰਾ ਅਤੇ ਮੇਰੇ ਦੋਵਾਂ ਛੋਟੇ ਪੁੱਤਰਾਂ ਨੇ ਉਸ ਨੂੰ ਆਪਣੇ ਮੋਢਿਆਂ ਉੱਤੇ ਲਿਆ। ਦੂਰ ਖੜ੍ਹੀ ਉਸ ਦੀ ਮਾਂ ਦੇਖ ਰਹੀ ਸੀ, ਕਿਵੇਂ ਹੱਥੋ-ਹੱਥ ਰੱਖੀ ਜਾਣ ਵਾਲੀ ਉਸ ਦੀ ਲੜਕੀ ਅੱਜ ਮੋਢਿਆਂ ਉੱਤੇ ਜਾ ਰਹੀ ਹੈ।

ਹਸਪਤਾਲ ਤੋਂ ਉਸ ਨੂੰ ਉਪਰ ਤੋਂ ਹੇਠਾਂ ਤੱਕ ਬੰਨ੍ਹ ਕੇ ਉਸ ਦੇ ਉਸ ਪਿਤਾ ਦੇ ਹਵਾਲੇ ਕਰ ਦਿੱਤਾ ਗਿਆ ਸੀ, ਜਿਸ ਨੂੰ ਨਾ ਐਂਬੂਲੈਂਸ ਮਿਲੀ, ਨਾ ਵਾਰਡ ਬੁਆਏ, ਇੱਕ ਹਜ਼ਾਰਾਂ ਰੁਪਏ ਮੰਗ ਰਿਹਾ ਸੀ, ਤਾਂ ਦੂਸਰਾ ਸੈਂਕੜੇ ਚਾਹ-ਪਾਣੀ ਦੇ ਲਈ। ਉਨ੍ਹਾਂ ਜਿੰਦਾ ਮਰੇ ਹੋਏ ਇਨਸਾਨਾਂ ਤੋਂ ਆਪਣੀ ਵੀਹ ਸਾਲ ਦੀ ਲਾਡਲੀ ਨੂੰ ਉਸ ਦੇ ਆਖਰੀ ਸਫਰ ਵਿੱਚ ਗੋਦ ਵਿੱਚ ਉਠਾ ਕੇ ਲਿਆਉਣ ਤੇ ਉਹ ਇੰਨੀ ਸ਼ਾਂਤੀ ਵਿੱਚ ਸੀ ਕਿ ਉਸ ਦੀਆਂ ਅੱਖਾਂ ਵਿੱਚ ਇੱਕ ਅੱਥਰੂ ਨਹੀਂ ਸੀ।

# CLASSIFIEDS

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327

Sales Person Required
**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਲੋਆ

ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

## ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca


905-793-2202

WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED
INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

ਵਰਕਰਾਂ ਦੀ ਲੋੜ
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੰਪਰਕ: 647-205-5909,
416-618-3358

ਵਰਕਰਾਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।


WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।
ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

